# ਸਿਰਫ਼ ਸ਼ਾਇਰੀ ਤੱਕ

## ਰੂਹ ਦੀ ਰੂਹ ਤੱਕ

ਈਸ਼ਾ ਲਿਖ਼ਾਰੀ

BlueRose ONE.com
Stories Matter
NewDelhi • London

**BLUEROSE PUBLISHERS**
India | U.K.

Copyright © Isha Likhari 2026

All rights reserved by author. No part of this publication may be reproduced, stored in a retrieval system or transmitted in any form or by any means, electronic, mechanical, photocopying, recording or otherwise, without the prior permission of the author. Although every precaution has been taken to verify the accuracy of the information contained herein, the publisher assumes no responsibility for any errors or omissions. No liability is assumed for damages that may result from the use of information contained within.

BlueRose Publishers takes no responsibility for any damages, losses, or liabilities that may arise from the use or misuse of the information, products, or services provided in this publication.

BlueRose ONE.com
Stories Matter
NewDelhi • London

For permissions requests or inquiries regarding this publication, please contact:

BLUEROSE PUBLISHERS
www.BlueRoseONE.com
info@bluerosepublishers.com
+91 8882 898 898
+4407342408967

ISBN: 978-93-7825-340-9

Cover Design: Shivam Gaur
Typesetting: Sagar

First Edition: March 2026

# ਸੂਚਕਾਂਕ

"ਮੈਂ" .......... 1
ਇਸ਼ਕ" .......... 2
"ਸੱਟ" .......... 3
"ਸਕੂਲ ਦੇ ਰਾਹ" .......... 4
"ਮੁਹੱਬਤਾਂ ਗੂੜੀਆਂ" .......... 5
"ਟੋਏ" .......... 6
"ਗੱਲ-ਬਾਤ" .......... 7
"ਸ਼ਰੇਆਮ ਮੁਹੱਬਤ" .......... 8
"ਵਿਆਹ ਕਾਰਜ਼" .......... 9
"ਤਿੱਲ" .......... 10
"ਕਲਮ" .......... 11
"ਆਪਣੀ ਮੁਹੱਬਤ" .......... 12
"ਰੱਬ ਰੁੱਕ ਜਾਵੇ" .......... 13
"ਤੇਰੀ ਇਬਾਦਤ" .......... 14
"ਗਲਵੱਕੜੀ" .......... 15
"ਬਲਾਕ" .......... 16
"ਆਜਾ ਮੇਰੇ ਗਲੇ ਲੱਗ ਜਾ" .......... 17
"ਤਕਦੀਰ" .......... 18
"ਲਾਵਾਂ ਦਾ ਬੀਜ" .......... 19
"ਫੋਨ" .......... 20
"ਤੇਰੀ ਤਲਬ" .......... 21
"ਤੇਰੇ ਅੱਗੇ ਹਾਰੇ" .......... 22
"ਸਫ਼ਰ ਇਸ਼ਕੇ ਦਾ" .......... 23
"ਆਖਰੀ ਨਗਮਾਂ" .......... 24
"ਸਕੂਲ" .......... 25
"ਗੁਨਾਹ" .......... 26

"ਇੱਜ਼ਤ" ........ 27
"ਬੁੱਲ੍ਹੇ ਸ਼ਾਹ" ........ 28
"ਭੁੱਲਣਾ ਚਾਉਂਦੀ" ........ 29
"ਲਾਜ਼ਮੀ" ........ 30
"ਆਪਣਾ-ਆਪ" ........ 31
"ਇੱਜ਼ਤ-2" ........ 32
"ਤਰੀਜ਼ਾਂ" ........ 33
"ਆਟਾ ਗੁੰਨਦੀ" ........ 34
"ਫ਼ਰਕ" ........ 35
"ਸਾਈਂ ਜੀ" ........ 36
"ਚਰਿੱਤਰਹੀਣ" ........ 37
"ਦੀਦਾਰ" ........ 38
"ਕੁੱਝ ਨੀ ਰਿਹਾ" ........ 39
"ਖ਼ਿਦਮਤ" ........ 40
"ਝਾਂਜਰਾਂ ਦਾ ਜੋੜਾ" ........ 41
"ਇਨਕਾਰ" ........ 42
"ਕਮਲੀ" ........ 43
"ਸਕੂਲ ਵਾਲਾ ਚਰਿਤਰ" ........ 44
"ਕਬਰ" ........ 45
"ਇੱਕ ਗੱਲ ਦੱਸ ਵੇ" ........ 46
"ਮੁਲਾਕਾਤਾਂ" ........ 47
"ਅਰਸ਼ਾ ਦਾ ਰਾਜਾ" ........ 48
"ਡਰਾਵੇ ਤੇ ਦਾਅਵੇ" ........ 49
"ਸ਼ਾਮ" ........ 50
"ਆਕੜ ਵੀ ਭੰਨ ਕੇ" ........ 51
"ਰਾਧਾ ਰਾਣੀ" ........ 52
"ਮਰਨ ਦਾ ਵੇਲਾ" ........ 53
ਕੀ ਚਾਉਂਦੀ ਏ ..? ........ 54
"ਹਿੱਕ ਤੇ ਦੀਵਾ" ........ 55
"ਇਲਜ਼ਾਮ" ........ 56
"ਉਹ ਕਹਿੰਦਾ" ........ 57
"ਵਿਆਹ-1" ........ 58

"ਚੂੜੀਆਂ" ........ 59
"ਪਿਆਰ" ........ 60
"ਸਣੇ ਦਾਗ਼" ........ 62
"ਉਹਦਾ ਕਹਿਣਾ" ........ 63
"ਜਿਸਮਫਰੋਸ਼ੀ" ........ 64
"ਔਰਤ" ........ 65
"ਠੁਕਰਾਈ" ........ 68
"ਚੇਤੇ ਰਹਿ ਗਿਆ" ........ 69
"ਵਿਆਹ-2" ........ 70
"ਪੱਟ ਦਾ ਸਿਰਣਾ" ........ 71
"ਮਾਂ" ........ 72
"ਮੇਰਾ ਹੱਕ ਹੋਵੇ" ........ 73
"ਸੁਪਨਿਆਂ ਵਾਲੀ ਤੂੰ" ........ 74
"ਉਡੀਕ" ........ 75
"ਸੂਟ ਤੇ ਚੂੜਾ" ........ 76
"ਖਵਾਇਸ਼" ........ 77
"ਛੂਣ- ਛੁਆਣਾ" ........ 78
"ਸਿੰਦੂਰ" ........ 79
"ਤੇਰੀ ਯਾਦ" ........ 80
"ਸਾਂਝ ਸਵੇਰੇ" ........ 81
"2022" ........ 82
"ਤੇਰਾ ਮੇਰਾ ਵਿਛੋੜਾ" ........ 83
"ਮੇਰੀਆਂ ਸੋਚਾਂ ਦਾ ਖੱਤ" ........ 84
"ਬੈਸਟ-ਫ੍ਰੈਂਡ" ........ 86
"ਤੇਰੇ ਜਾਣ ਪਿਛੋਂ" ........ 87
"ਸਿਰਫ਼ ਸ਼ਾਇਰੀ ਤੱਕ" ........ 88

# "ਮੈਂ"

ਹਾਂ ਉਹ ਮੈਂ ਹੀ ਸੀ ਜੋ ਤੇਰੇ ਪਿਛੇ ਝਲੀ ਹੋਈ,
ਇੱਕ ਮੇਰਾ ਦਿਲ ਤੇਰੇ ਭੋਲੇ ਜਿਹੇ ਮੁੱਖੜੇ ਤੇ ਪਾਗਲ ਹੋਇਆ,
ਜਿਹਦੇ ਕਰਕੇ ਮੈਂ ਇਸ਼ਕੇ ਦੇ ਸਕੂਲ 'ਚ ਦਾਖਲਾ ਲਿਆ,
ਹਾਂ ਕਦੇ ਯਾਰਾਂ ਅੱਗੇ ਵੀ ਮੈਂ ਤੇਰਾ ਜ਼ਿਕਰ ਨਾ ਕੀਤਾ,
ਰੁੱਕ-ਰੁੱਕ ਕੇ ਬਸ ਕੁੱਟ ਸਬਰਾਂ ਦਾ ਪੀਤਾ,
ਤੇਰੇ ਕੋਲੋ ਲਾਂਘ ਕੇ ਮੇਰੇ ਦਿਲ ਨੂੰ ਸਕੂਨ ਮਿਲ ਜਾਂਦਾ ਹੈ,
ਬਸ ਤੈਨੂੰ ਦੂਰੋਂ ਵੇਖ ਕੇ ਹੀ ਮੇਰਾ ਦਿਨ ਨਿਕਲ ਜਾਂਦਾ ਹੈ,
ਤੈਨੂੰ ਦਿਲ 'ਚ ਰੱਖਿਆ ਹੈ ਬਸ ਦਿਲ 'ਚ ਰਹਿਣ ਦੇਣਾ ਹੈ,
ਮੈਂ ਤੈਨੂੰ ਕਿੰਨਾ ਚਾਹੁੰਦੀ ਹਾਂ ਇਹ ਮੈਂ ਤੈਨੂੰ ਕਦੇ ਨਾਂ ਕਹਿ ਪਾਣਾ ਹੈ,
ਹਾਂ ਪਰ ਜੇ ਰੱਬ ਨੇ ਚਾਇਆ ਤਾਂ ਤੂੰ ਆਪ ਚੱਲ ਕੇ ਆਉਣਾ ਹੈ,
ਜੇ ਕਿਸਮਤ 'ਚ ਨਾ ਹੋਇਆ ਤਾਂ ਮੈਂ ਵੀ ਕੁੱਝ ਨੀ ਕਰ ਪਾਣਾ ਹੈ,
ਮੈਂ ਵੀ ਕੁੱਝ ਨੀ ਕਰ ਪਾਣਾ ਹੈ।

ਈਸ਼ਾ ਲਿਖ਼ਾਰੀ

# ਇਸ਼ਕ"

ਜੇ ਇੰਝ ਅੱਦ ਵਿਚਾਲੇ ਹੀ ਛੱਡਣਾ ਸੀ
ਤਾਂ ਫਿਰ ਕਿਉਂ ਇਸ਼ਕੇ ਦੀਆਂ ਭੀਂਘਾ ਪਾ ਗਿਆ,
ਤੂੰ ਤਾਂ ਮੇਰੀ ਅੱਖ ਦਾ ਹੰਝੂ ਬਣਨਾ ਚਾਹੁੰਦਾ ਸੀ
ਹੁਣ ਕਿਉ ਇਸ਼ਕ ਨੂੰ ਲੀਕਾਂ ਲਾ ਗਿਆ,
ਉਸ ਰੱਬ ਅੱਗੇ ਵੀ ਕੀ ਫਰਿਆਦ ਕਰਾ
ਜੱਦ ਸਾਡਾ ਆਪਣਾ ਹੀ ਤੇਰੇ ਤੇ ਦਿਲ ਆ ਗਿਆ,
ਰਾਤ ਪੁਰਾਣੀਆਂ ਯਾਦਾਂ ਨੂੰ ਚੇਤੇ ਕਰ
ਸੁਪਨੇ 'ਚ ਤੂੰ ਮੈਨੂੰ ਜ਼ਹਿਰ ਦਾ ਪਿਆਲਾ ਪਿਆਂ ਗਿਆ,
ਉਹ ਦਿਨ ਵੀ ਬੜਾ ਭਾਗਾਂ ਵਾਲਾ ਹੋਊ ਸੱਜਣਾ,
ਜੱਦ ਉਡੀਕਾਂ 'ਚ ਖੜੀ ਤੂੰ ਮੇਰੇ ਨਾਲ ਹੱਥ ਮਿਲਾ ਗਿਆ।

ਈਸ਼ਾ ਲਿਖ਼ਾਰੀ

# "ਸੱਟ"

ਸੱਟ ਤੇਰੀ ਤੇ ਜ਼ਖ਼ਮ ਮੈਂ ਸੀਣਾ ਸੀ ਸੱਜਣਾ,
ਅੱਖ ਤੇਰੀ ਤੇ ਹੰਝੂ ਮੈਂ ਪੀਣਾ ਸੀ ਸੱਜਣਾ,
ਬੂਟੇ ਖਾਵਾਂ ਨੂੰ ਸੋਚ-ਸੋਚ ਕੇ ਕੀ ਕਰਨਾ ਸੱਜਣਾ,
ਚੱਲ ਹੁਣ ਛੱਡ ਤੇ ਗੌਰ ਫਰਮਾਈ ਸੱਜਣਾ,
ਤੇਰੇ ਨਾਂ ਰਾਜ਼ੀ ਤੇ ਲਿਖਦੀ ਆ ਕੁੜੀ ਅੱਜ-ਕੱਲ ਦਿਲ ਦੇ ਅਲਫਾਜ਼ ਸੱਜਣਾ,
ਤੂੰ ਤਾਂ ਘੂਰੀਆਂ ਵੱਟ ਕੇ ਹੋ ਗਿਆ ਸੀ ਅੱਖੋਂ ਓਹਲੇ ਸੱਜਣਾ,
ਇਹ ਤਾਂ ਮੈਨੂੰ ਹੀ ਪਤਾ ਕਿ ਅੱਜ ਫਿਰ ਕਿਵੇਂ ਫਰੋਲੇ ਉਹੀ ਖਾਬ ਖਾਸ ਸੱਜਣਾ ।

ਈਸ਼ਾ ਲਿਖ਼ਾਰੀ

# "ਸਕੂਲ ਦੇ ਰਾਹ”

ਖੰਬੇ ਉੱਤੇ ਦਿਲ ਜਿਹਾ ਬਣਾਕੇ ਲਿਖੇ ਸੀ ਆਪਾ ਨਾਂ,
ਮਿਲਾਇਆ ਸੀ ਜਿੱਥੇ ਪਹਿਲੀ ਵਾਰ ਹੱਥ
ਕੀ ਯਾਦ ਹੈ ਸੱਜਣਾ ਤੈਨੂੰ ਉਹ ਥਾਂ,
ਹੁਣ ਉਸ ਖੰਬੇ ਉੱਤੇ ਦਿਲ ਵੀ ਸੁੰਨੇ ਉਹ ਥਾਂ ਵੀ ਸੁੰਨੀ,
ਤੇ ਸੁੰਨੇ- ਸੁੰਨੇ ਵੇ ਸੱਜਣਾ ਸਕੂਲ ਦੇ ਰਾਹ,
ਸਾਰਾ ਕੁੱਝ ਦੇਖਦੇ ਹੋਏ ਮੈਨੂੰ ਮੇਰੀ ਕਲਾਸ ਤੋਂ ਤੇਰੀ ਕਲਾਸ ਦਾ ਸਫ਼ਰ ਗਿਆ ਚੇਤੇ ਆ।

ਈਸ਼ਾ ਲਿਖ਼ਾਰੀ

# "ਮੁਹੱਬਤਾਂ ਗੂੜੀਆਂ"

ਉਹਨੇ ਸਿਰ ਤੇ ਸਜਾਈ ਦਸਤਾਰ ਹਾਣੀਓ
ਤੇ ਮੈਂ ਗੁੱਤ ਨੂੰ ਪਰਾਂਦਾ ਲਾਉਣ ਵਾਲੀ,
ਉਹ ਫਿਰਦਾ ਏ ਮੋਟਰ ਕਾਰਾਂ, ਬੁੱਲੇਟਾ ਤੇ
ਤੇ ਮੈਂ ਸੈਂਕਲ ਤੇ ਸਕੂਲ ਆਉਣ ਵਾਲੀ,
ਮੈਨੂੰ ਵੇਖ ਕੇ ਚੜ੍ਹਦਾ ਹੈ ਮੱਠਾ-ਮੱਠਾ ਉਹਨੂੰ ਤਾਪ ਹਾਣੀਓ
ਤੇ ਮੈਂ ਨੀਵੀਂ ਪਾਕੇ ਕੋਲੋ ਦੀ ਲਾਂਘ ਜਾਣ ਵਾਲੀ,
ਉਹ ਫਿਰਦਾ ਏ ਮੁਹੱਬਤਾਂ ਗੂੜੀਆਂ ਪਾਉਣ ਨੂੰ
ਤੇ ਮੈਂ ਪੈਰ ਪਿੱਛੇ ਕਰਕੇ ਲੱਜ ਮਾਪਿਆਂ ਦੀ ਰੱਖਣ ਵਾਲੀ।

ਈਸ਼ਾ ਲਿਖ਼ਾਰੀ

# "ਟੋਏ"

ਏਨਾਂ ਵਿਸ਼ਵਾਸ ਮੈਨੂੰ ਕਦੇ ਨਹੀ ਹੋਣਾ ਸੀ
ਜੇ ਮੇਰੀਆਂ ਅੱਖਾਂ 'ਚ ਤੁਹਾਡੇ ਲਈ ਇੱਜ਼ਤ
ਤੇ ਤੁਹਾਡੀ ਅੱਖਾਂ 'ਚ ਮੇਰਾ ਰੱਬ ਦੋਵੇ ਨਾ ਹੁੰਦੇ,
ਮੈਨੂੰ ਲੱਗਦਾ ਮੈਂ ਕਦੇ ਠੀਕ ਨੀ ਹੋਣਾ ਸੀ
ਜੇ ਸਾਡੇ ਮੇਲ ਕਦੇ ਹੋਏ ਨਾ ਹੁੰਦੇ,
ਏਨਾਂ ਪਿਆਰ ਮੈਨੂੰ ਕਦੇ ਨੀ ਹੋਣਾ ਸੀ
ਜੇ ਅੱਧੀ ਰਾਤ ਤੁਹਾਡੀਆਂ ਫੋਟੋਆਂ ਦੇਖ ਅਸੀਂ ਰੋਏ ਨਾ ਹੁੰਦੇ,
ਫਿਰ ਉਹ ਗੱਲ ਕਿੱਥੇ ਹੋਣੀ ਸੀ
ਜੇ ਤੁਹਾਡੀਆਂ ਗੱਲ੍ਹਾਂ ਵਿੱਚ ਟੋਏ ਨਾ ਹੁੰਦੇ।

ਈਸ਼ਾ ਲਿਖ਼ਾਰੀ

# "ਗੱਲ-ਬਾਤ"

ਅਸੀਂ ਕਰਤੇ ਸਭ ਲਈ ਦਿਲ ਦੇ ਕੁੰਡੇ ਬੰਦ
ਤੂੰ ਸਾਡੇ ਲਈ ਬੂਹੇ ਖੋਲ ਕੇ ਤਾਂ ਵੇਖ,
ਮੇਰੇ ਵਾਂਗ ਪੈ ਜਾਣਾ ਪਿਆਰ ਸੂਹਾ ਸੱਜਣਾ
ਤੂੰ ਸਾਡੇ ਨਾਲ ਅੱਖ ਮਿਲਾਕੇ ਤਾਂ ਵੇਖ,
ਤੈਨੂੰ ਭਰ ਸਿਆਲ ਵਿੱਚ ਲੱਗੂ ਮਠੀ-ਮਠੀ ਗਰਮੀ
ਤੂੰ ਰੂਘ ਭਰਕੇ ਤਾਂ ਵੇਖ,
ਹੋ ਜਾਣੀ ਮੁਹੱਬਤ ਤੈਨੂੰ ਵੀ ਸੱਜਣਾ
ਤੂੰ ਜ਼ਰ੍ਹਾ ਸਾਡੇ ਨਾਲ ਗੱਲ-ਬਾਤ ਕਰਕੇ ਤਾਂ ਵੇਖ।

ਈਸ਼ਾ ਲਿਖ਼ਾਰੀ

# "ਸ਼ਰੇਆਮ ਮੁਹੱਬਤ"

ਜਿਹੜਾ ਅਪਣਾਏ ਮੈਨੂੰ ਸਣੇ ਦਾਗ਼ ਵੀ
ਮੈਂ ਉਹਦੇ ਨਾਲ ਮੁਹੱਬਤ ਕਰਨਾ ਚਾਉਂਦੀ ਆ,
ਮੂੰਹੋ ਆਖੀ ਤਾਂ ਹਰ ਕੋਈ ਪੁੱਗਾ ਦਿੰਦਾ ਜੋ ਬਿੰਨ ਆਖੇ ਸਮਝੇ
ਮੈਂ ਉਹਦੇ ਨਾਲ ਮੁਹੱਬਤ ਕਰਨਾ ਚਾਉਂਦੀ ਆ,
ਜਿਸਮਾਂ ਦੀ ਪਿਆਸ ਤਾਂ ਸਭ ਨੂੰ ਹੁੰਦੀ ਜਿਹਨੂੰ ਰੂਹ ਦੀ ਭੁੱਖ ਹੋਵੇ
ਮੈਂ ਉਹਦੇ ਨਾਲ ਮੁਹੱਬਤ ਕਰਨਾ ਚਾਉਂਦੀ ਆ,
ਤੇਰੇ ਤੋਂ ਬਾਅਦ ਸੱਜਣਾ ਮੈਨੂੰ ਤੇਰੇ ਜਿਹਾ ਕੋਈ ਨਈ ਮਿਲਿਆ
ਤੇ ਮੈਂ ਅੱਜ ਸ਼ਰੇਆਮ ਤੇਰੇ ਨਾਲ ਮੁਹੱਬਤ ਕਰਨਾ ਚਾਉਂਦੀ ਆ।

ਈਸ਼ਾ ਲਿਖ਼ਾਰੀ

# "ਵਿਆਹ ਕਾਰਜ਼"

ਮੈਂ ਜ਼ੁਲਫਾਂ ਸਵਾਰਨਾ ਚਾਉਂਦੀ ਹਾਂ
ਤੂੰ ਮੇਰੇ ਗੋਡੇ ਤੇ ਸਿਰ ਰੱਖਾਲੈ ਵੇ ਅੜਿਆ,
ਮੈਂ ਤੇਰੇ ਨਾਲ ਸਾਹ ਹੰਡਾਉਣਾ ਚਾਉਂਦੀ ਹਾਂ
ਤੂੰ ਜਨਮਾਂ ਲਈ ਮੈਨੂੰ ਆਪਣੀ ਬਣਾਲੈ ਵੇ ਅੜਿਆ,
ਮੈਂ ਮੇਰੇ ਦੁੱਖਾਂ ਵਿੱਚ ਤੇਰੀ ਹਮਦਰਦੀ ਦੀ ਮਗਰੂਰੀ ਚਾਉਂਦੀ ਹਾਂ
ਤੂੰ ਮੈਨੂੰ ਆਪਣੇ ਸੁੱਖਾਂ ਦੀ ਹਾਣੀ ਬਣਾਲੈ ਵੇ ਅੜਿਆ,
ਮੈਂ "ਵਿਆਹ ਕਾਰਜ਼" ਦੀਆਂ ਲਾਵਾਂ ਤੇਰੇ ਨਾਲ ਲੈਣਾ ਚਾਉਂਦੀ ਹਾਂ
ਤੂੰ ਮੈਨੂੰ ਆਪਣੇ ਖੱਬੇ ਬਠਾਲੈ ਵੇ ਅੜਿਆ।

ਈਸ਼ਾ ਲਿਖ਼ਾਰੀ

# "ਤਿੱਲ"

ਮੇਰੇ ਮੁੱਖੜੇ ਦੇ ਸੱਜੇ ਤੇ ਉਹਦੀ ਖੱਬੀ ਅੱਖ ਵਿੱਚ
ਤਿੱਲ ਆ ਇੱਕ ਨਿੱਕਾ ਜਿਹਾ,
ਮੈਂ ਹੋਵਾਂ ਕਿਸੇ ਹੋਰ ਦੀ ਉਹ ਕੂਟ ਕੇ ਗਲ਼ ਨਾਲ ਲਾਏ ਮੈਨੂੰ
ਇਹ ਸੁਪਨਾ ਏ ਇੱਕ ਨਿੱਕਾ ਜਿਹਾ,
ਜੱਦ ਦਿਲੋਂ ਇੱਕ ਹੋਏ ਰੂਹੋਂ ਇੱਕ ਹੋਏ ਫਿਰ ਕਿਉਂ ਜਿਸਮਾਂ ਤੋਂ ਨਈ
ਇਹ ਦੁੱਖੜਾ ਏ ਇੱਕ ਨਿੱਕਾ ਜਿਹਾ,
ਤੂੰ ਮੈਨੂੰ ਛੱਡ ਦੇ ਮੈਂ ਸਹਾਰ ਲਵਾਂਗੀ
ਦਿਲ ਦੀ ਆਖੇ ਤਾਂ ਵੱਡਾ ਪਰ ਝੂਠ ਆਖੇ
ਤਾਂ ਫਰਕ ਪਿਆ ਏ ਇੱਕ ਨਿੱਕਾ ਜਿਹਾ।

ਈਸ਼ਾ ਲਿਖ਼ਾਰੀ

# "ਕਲਮ"

ਅੱਜ ਕਲਮ ਨੇ ਵੀ ਛੱਡ ਦਿੱਤੀ ਸਿਆਹੀ
ਹੱਥ ਮੱਲੋ-ਮਲੀ ਇੱਕ ਥਾਂ ਤੇ ਖੜਕੇ ਬਹੁਤ ਕੁੱਝ ਲਿਖਣਾ ਚਾਹੁੰਦੇ ਨੇ,
ਅਜੇ ਦਿਲ ਵਿਚ ਬਹੁਤ ਗੱਲਾਂ ਨੇ ਪਰ ਅੱਖਾਂ ਵਿਚ ਪਾਣੀ
ਤੇ ਇਹ ਅੱਖਾਂ ਦੇ ਅਸ਼ਕ ਗੱਲਾਂ-ਗੱਲਾਂ ਵਿੱਚ ਬਹੁਤ ਕੁੱਝ ਕਹਿਣਾ ਚਾਹੁੰਦੇ ਨੇ,
ਤੁਸੀਂ ਸਾਥ ਨਾ ਛੱਡਿਓ ਕਦੇ ਮੈਂ ਗੂੜ੍ਹੀ ਸਾਂਝ ਦੇ ਲਪੇਟੇ ਪਾਕੇ ਰੱਖ ਲਵਾਂਗੀ
ਇਹ ਮੈਂ ਨਹੀ ਮੇਰੇ ਸਾਹਾਂ ਨਾਲ ਬੁਣੇ ਸਾਰੇ ਸੁਪਨੇ ਹਕੀਕਤ 'ਚ ਕਹਿਲਵਾਉਣਾ
ਚਾਹੁੰਦੇ ਨੇ,
ਪੀਰ ਮੰਨਿਆ ਏ ਪੀਰ ਮੰਨਦੀ ਰਹਾਂਗੀ ਸੋਹਣਿਆ ਸੱਜਣਾ
ਬਸ ਮੇਰੀਆਂ ਅਰਦਾਸਾਂ ਮੇਰੇ ਦੁੱਖ-ਸੁੱਖ, ਮੇਰਾ ਰੋਮ-ਰੋਮ, ਮੇਰੀ ਰੂਹ, ਮੇਰਾ ਜਿਸਮ
ਸਾਰੀ ਉਮਰ ਤੇਰੇ ਅੱਗੇ ਆਪਣਾ ਸ਼ੀਸ਼ ਚੁਕਾਉਣਾ ਚਾਹੁੰਦੇ ਨੇ।

ਈਸ਼ਾ ਲਿਖ਼ਾਰੀ

# "ਆਪਣੀ ਮੁਹੱਬਤ"

ਮੈਂ ਨੈਣਾ ਦੇ ਪਰਦੇ ਸਟਕੇ
ਤੇਰੇ ਨਾਲ ਰੂਹਾਂ ਵਾਲੀ ਮੁਹੱਬਤ ਕਰਨਾ ਚਾਹੁੰਦੀ ਹਾਂ,
ਲੋਕ ਜਿਸਮਾਂ ਦੇ ਸਵਾਦ ਲੈਂਦੇ
ਮੈਂ ਤੇਰੇ ਜਿਸਮ ਦੇ ਅੰਗ ਤੇ ਪਿਆਰ ਵਾਲੀ ਮੁੰਦਰੀ ਸਜਾਉਣਾ ਚਾਹੁੰਦੀ ਹਾਂ,
ਤੇਰੇ ਨਾਲ ਪਈ ਮੁਹੱਬਤ ਦਾ ਮੈਂ ਕਦੇ ਇਜ਼ਹਾਰ ਨੀ ਕੀਤਾ
ਮੈਂ ਰੂ-ਬ-ਰੂਹ ਹੋਕੇ ਉਹ ਪਿਆਰ ਵਖਾਉਣਾ ਚਾਹੁੰਦੀ ਹਾਂ,
ਬਹੁਤ ਰਵਾ ਲਿਆ ਮੈਂ ਤੈਨੂੰ ਸੱਜਣਾ
ਪਰ ਹੁਣ ਤੇਰੇ ਮੈਂ ਹਾਸਿਆਂ ਨੂੰ ਆਪਣੇ ਹਾਸਿਆਂ 'ਚ ਹੱਸਾਉਣਾ ਚਾਹੁੰਦੀ ਹਾਂ।

ਈਸ਼ਾ ਲਿਖ਼ਾਰੀ

# "ਰੱਬ ਰੁੱਕ ਜਾਵੇ"

ਕਾਸ਼ ਇਹ ਸਮਾਂ ਇੱਥੇ ਹੀ ਰੁੱਕ ਜਾਵੇ,
ਕੋਈ ਜਾ ਰਿਹਾ ਏ ਛੱਡਕੇ ਉਹ ਕੁੱਝ ਮਹਿਨਿਆਂ ਲਈ ਹੋਰ ਰੁੱਕ ਜਾਵੇ,
ਵਿਛੋੜੇ ਦਾ ਦੁੱਖ ਮੈਥੋਂ ਜਰਿਆ ਨਈ ਜਾਣਾ
ਇਹ ਅਥਰੂ ਇੱਥੇ ਹੀ ਰੁੱਕ ਜਾਵੇ,
ਪਤਾ ਹੈ ਸਭ ਕਿ ਹੁਣ ਕੁੱਝ ਨਹੀ ਹੋ ਸਕਦਾ
ਪਰ ਫਿਰ ਵੀ ਆਪਣੇ ਰੱਬ ਦੇ ਰੱਬ ਅੱਗੇ ਅਰਜ਼ ਕਰਦੀ
ਕਿ ਮੇਰਾ ਰੱਬ ਰੁੱਕ ਜਾਵੇ।

ਈਸ਼ਾ ਲਿਖ਼ਾਰੀ

# "ਤੇਰੀ ਇਬਾਦਤ"

ਉਹਦੀ ਹਰ ਪਲ ਮੱਥੇ ਦੀ ਤਿਉੜੀ
ਮੇਰੇ ਦਿਲ ਦਾ ਨਿਸ਼ਾਨਾ ਖਿਚਦੀ ਆ,
ਮੈਂ ਉਹਦੇ ਨਾਲ ਗੱਲ ਕਰਨੀ ਚਾਵਾਂ
ਪਰ ਫਿਰ ਵੀ ਉਹ ਮੈਥੋਂ ਮੂੰਹ ਫੇਰ ਕੇ ਰੱਖਦੀ ਆ,
ਫਿਰ ਇੱਕ ਦਿਨ ਰੱਬ ਦਾ ਸਬੱਬ ਬਣਿਆ
ਥੋੜ੍ਹੀ ਹੀ ਸਹੀ ਲੜਾਈ ਹੀ ਸਹੀ ਉਹਨੇ ਗੱਲ ਤਾਂ ਕੀਤੀ ਆ,
ਲੋਕ ਬਾਲ ਕੇ ਦੀਵੇ ਰੱਬ ਮਨਾਉਂਦੇ ਮੈਂ ਸੱਚੀ ਦਸਾਂ
ਮੈਂ ਅੱਖਾਂ ਰਾਹੀ ਤੇਰੀ ਦਿਲੋਂ ਇਬਾਦਤ ਕੀਤੀ ਆ।

ਈਸ਼ਾ ਲਿਖ਼ਾਰੀ

# "ਗਲਵੱਕੜੀ"

ਆਪਣਾ ਗੁਮਨਾਮ ਤੇ ਤੁਹਾਡਾ ਨਾਮ
ਮੇਰੀ ਕਲਮ ਮੈਥੋਂ ਬਾਰੋ-ਬਾਰ ਕਹੋਣਾ ਚਾਉਂਦੀ ਆ,

ਮੈਂ ਹੋਰਾਂ ਵਾਂਗ ਨੀ ਜੋ ਸਕੂਲ ਤੋਂ ਬਾਅਦ ਭੁੱਲਜੂ
ਸਾਂਝ ਉਮਰਾਂ ਦੀ ਪਾਕੇ ਮੈਂ ਸਾਥ ਗੂੜ੍ਹਾ ਬਣਾਉਣਾ ਚਾਉਂਦੀ ਆ,

ਮੈਨੂੰ ਹੱਸਦੀ ਵੇਖ ਕੋਈ ਹਾਲ ਨੀ ਫਰੋਲਦਾ
ਮੈਂ ਤੁਹਾਡੇ ਨਾਲ ਹੰਝੂ ਵਹਾਉਣਾ ਚਾਉਂਦੀ ਆ,

ਜਿਆਦਾ ਕੁੱਝ ਨੀ ਬਸ ਅਖੀਰਲੀ ਗੱਲ ਅੱਥੇ ਮੁਕਦੀ
ਕਿ ਮੈਂ ਤੁਹਾਡੇ ਨਾਲ ਗਲਵੱਕੜੀ ਪਾਉਣਾ ਚਾਉਂਦੀ ਆ।

ਈਸ਼ਾ ਲਿਖ਼ਾਰੀ

# "ਬਲਾਕ"

ਤੈਥੋਂ ਨਈਂ ਪਏ ਸਾਥ ਗੂੜ੍ਹੇ
ਵੇ ਮੈਂ ਮੁਰੀਦ ਤੇਰੀ ਬਣਕੇ ਦੇਖ ਲਿਆ,
ਤੈਨੂੰ ਨੀ ਚੜ੍ਹਿਆ ਇਸ਼ਕ ਦਾ ਰੰਗ ਸੂਹਾ
ਵੇ ਮੈਂ ਲਲਾਰੀ ਵੀ ਬਣਕੇ ਦੇਖ ਲਿਆ,
ਮੇਰਾ ਚਿੱਤ ਕਰਦਾ ਤੇਰੇ ਨਾਲ ਗੱਲ ਕਰਨ ਦਾ
ਵੇ ਮੈਂ ਪੋਹ ਮਹੀਨੇ ਨੈਣਾਂ ਚੋਂ ਪਾਣੀ ਵਹਾ ਕੇ ਦੇਖ ਲਿਆ,
ਤੂੰ ਮੈਨੂੰ ਬਲਾਕ 'ਚ ਪਾਇਆ ਲੱਗਦਾ
ਵੇ ਮੈਂ ਤੇਰਾ ਫੋਨ ਨੰਬਰ ਵੀ ਡਾਈਲ ਕਰਕੇ ਦੇਖ ਲਿਆ।

ਈਸ਼ਾ ਲਿਖ਼ਾਰੀ

# "ਆਜਾ ਮੇਰੇ ਗਲੇ ਲੱਗ ਜਾ"

ਆਜਾ ਮੇਰੇ ਗਲੇ ਲੱਗ ਜਾ
ਮੇਰੇ ਨਾਲ ਤੇਰੀ ਵੀ ਰੂਘ ਭਰ ਹੀ ਜਾਣੀ ਏ,

ਜਦੋਂ ਮਿਲ ਗਏ ਦਿਲਾਂ ਨਾਲ ਦਿਲ ਫਿਰ ਧੜਕਣ ਕੁਮਲਾਈ ਰੁੱਕ ਹੀ ਜਾਣੀ ਏ,
ਜਦੋਂ ਮਿਲ ਗਈਆਂ ਨਿਗਾਹਾਂ ਨਾਲ ਨਿਗਾਹਾਂ ਤੇ ਸੁਰਾਤ ਨਿਮਾਣੀ ਰੱਬ ਦੀ ਭੁੱਲ ਹੀ ਜਾਣੀ ਏ,
ਜਦੋਂ ਫੜ ਲਏ ਹੱਥਾਂ ਵਿੱਚ ਹੱਥ ਫਿਰ ਜਿੰਦ ਅੰਬਰਾਂ ਨੂੰ ਛੂਹ ਹੀ ਜਾਣੀ ਏ,
ਜਦੋ ਕੁਲਗਏ ਸਾਹਾਂ ਨਾਲ ਸਾਹ ਇਹ ਰੂਹ ਤਿਆਈ ਸ਼ਰਬਤ ਵਾਂਗ ਡੋਲ ਹੀ ਜਾਣੀ ਏ,

ਆਜਾ ਮੇਰੇ ਗਲੇ ਲੱਗ ਜਾ
ਮੇਰੇ ਨਾਲ ਤੇਰੀ ਵੀ ਰੂਘ ਭਰ ਹੀ ਜਾਣੀ ਏ ।

ਈਸ਼ਾ ਲਿਖ਼ਾਰੀ

# "ਤਕਦੀਰ"

ਜੇ ਮੁੜ ਆਓ ਤੁਸੀਂ ਦੁਆਵਾਂ ਤੇ
ਤਾਂ ਮੈਂ ਦੀਵੇ ਬਾਲ-ਬਾਲ ਕੋਈ ਤੀਲ ਨਾ ਛੱਡਾ,
ਜੇ ਮੁੜ ਆਓ ਤੁਸੀਂ ਦੁਨੀਆਂ ਦੀ ਸੈਰ ਕਰਨ ਤੇ
ਤਾਂ ਮੈਂ ਕਿਸੇ ਵੀ ਸ਼ਹਿਰ ਦਾ ਮੀਲ ਨਾ ਛੱਡਾ,
ਜੇ ਮੁੜ ਆਓ ਤੁਸੀ ਮੇਰੇ ਮਰਨ ਤੇ ਤਾਂ ਮੈਂ ਜਿੰਦ ਸੂਲੀ ਕੀਲ ਨਾ ਛੱਡਾ, ਜੇ ਮੁੜ
ਆਓ ਤੁਸੀ ਤੁਹਾਡੇ ਜਖ਼ਮ ਠੀਕ ਹੋਣ ਤੇ
ਤਾਂ ਮੈਂ ਤੁਹਾਡੇ ਸਾਰੇ ਦੁਸ਼ਮਨ ਚੀਰ ਨਾ ਛੱਡਾ,
ਜੇ ਤੁਸੀ ਆਖੋਂ ਨਹੀਂ ਹੋ ਤੁਸੀਂ ਮੇਰੀ ਕਿਸਮਤ ਵਿੱਚ
ਤਾਂ ਮੈਂ ਨਾਮ-ਓ-ਨਿਸ਼ਾਨ ਕੁੱਝ ਆਪਣੀ ਤਕਦੀਰ ਦਾ ਨਾ ਛੱਡਾ।

ਈਸ਼ਾ ਲਿਖ਼ਾਰੀ

# "ਲਾਵਾਂ ਦਾ ਬੀਜ"

ਉਹ ਕਹਿੰਦਾ ਸਾਡਾ ਪਿਆਰ ਜਿਸਮਾਨੀ ਨਈ
ਜੇ ਤੂੰ ਰੂਹਾਂ ਦੀਆਂ ਗੱਲਾਂ ਜਾਣਦੀ ਹੈ
ਤਾਂ ਅਸੀ ਵੀ ਪਾਕ ਮੁਹੱਬਤ ਦੇ ਮਹਿਲ 'ਚ ਤੌਰ ਤੱਕ ਜਾਕੇ ਆਏ ਸਾਂ,

ਜੇ ਤੂੰ ਨਈ ਚਾਹੁੰਦੀ ਖੋਹਣਾ ਸੋਹਣੀਏ
ਅਸੀਂ ਵੀ ਵਿਛੋੜੇ ਦੀਆਂ ਨੀਤਾਂ ਲਾਹ ਕੇ ਆਏ ਸਾਂ,

ਜੇ ਮੇਰੇ ਨਾਲ ਤੇਰੀ ਉਜਾੜ ਜ਼ਿੰਦਗੀ ਲੱਗਦੀ ਤੈਨੂੰ ਬਹਾਰ ਜਿਹੀ
ਤੇ ਅਸੀਂ ਵੀ ਰੱਬ ਰੂਪੀ ਤੇਰੇ ਜਿਹੀ ਪਾਕੇ ਆਏ ਸਾਂ,

ਹਿਜ਼ਰਾਂ ਦਾ ਦੁੱਖ ਚੱਲਿਆ ਨਈ ਜਾਂਦਾ ਤੂੰ ਕਹਿ ਦੇ ਹਾਂ ਮੈਨੂੰ
ਕਿ ਅਸੀਂ ਵੀ ਬੀਜ ਚਾਰ ਲਾਵਾਂ ਦਾ ਰੱਬ ਦੇ ਬੂਹੇ ਅੱਗੇ ਵਾਹ ਕੇ ਆਏ ਸਾਂ।

ਈਸ਼ਾ ਲਿਖ਼ਾਰੀ

# "ਫੋਨ"

ਅਸੀਂ ਰਹਿ ਗਏ ਉਡੀਕ ਦੇ ਸੱਜਣਾ ਨੂੰ
ਓਨਾਂ ਚੜ ਜਹਾਜ਼ ਦੀ ਤਿਆਰੀ ਕੀਤੀ ਆ,

ਉਹ ਆਖਦੈ ਤੈਨੂੰ ਫੇਸ ਨਹੀ ਕਰ ਸਕਦੇ
ਇੱਕ ਤੈਨੂੰ ਪਾਉਣ ਲਈ ਸਥਿਰ ਦੂਰੀ ਕੁੱਝ ਸਾਲਾਂ ਦੀ ਕੀਤੀ ਆ,

ਤੇਰੇ ਹਿਜ਼ਰ ਦਾ ਦੁੱਖ ਮੈਥੋਂ ਜਰਿਆ ਨੀ ਗਿਆ
ਅਸੀ ਆਪਣੀ ਵਸਲ ਜਿਹੀ ਜ਼ਿੰਦਗੀ ਕਬਰ ਕੀਤੀ ਆ,

ਉਹਦਾ ਫੋਨ ਆਇਆ ਵਲੈਤ ਤੋਂ
ਉਹਦੀ ਆਵਾਜ਼ ਸੁਣ ਕੇ ਮੇਰੀਆਂ ਅੱਖਾਂ 'ਚ ਪਾਣੀ
ਤੇ ਉਹਨੇ ਵੀ ਰੁੱਘ ਭਰੀ ਜਿਹੀ ਆਵਾਜ਼ ਨਾਲ ਗੱਲ ਕੀਤੀ ਆ।

ਈਸ਼ਾ ਲਿਖ਼ਾਰੀ

# "ਤੇਰੀ ਤਲਬ"

ਤੂੰ ਮੇਰਾ ਤੁਰਦਾ-ਫਿਰਦਾ ਸਾਹ ਹੈ
ਕੀ ਲੋੜ ਪੈਣ ਤੇ ਮੈਂ ਤੈਥੋਂ ਸਾਹ ਉਧਾਰੇ ਲੈ ਸਕਦੀ ਆ ਵੇ ਸੱਜਣਾ,

ਮੇਰੀ ਰੂਹ ਇੱਕ ਤੇਰੇ ਲਈ ਹੀ ਪਾਕ ਹੈ
ਤੂੰ ਦੱਸ ਜੋਬਨ ਰੁੱਤੇ ਤੇਰੇ ਨਾਲ ਮੁਹੱਬਤਾਂ ਪਾ ਸਕਦੀ ਆ ਵੇ ਸੱਜਣਾ,

ਤੈਨੂੰ ਪਤਾ ਮੇਰੀ ਅੱਖ ਨੂੰ ਤੇਰੀ ਕਿੰਨੀ ਉਡੀਕ ਹੈ ਏਓ ਨਾ ਜਾਣੀ
ਇੱਕ ਝਰੀਟ ਮਾਰਨ ਤੇ ਇਹ ਦਿਲ ਦਾ ਸਮੁੰਦਰ ਖਾਂ ਵੀ ਸਕਦੀ ਆਂ ਵੇ ਸੱਜਣਾ,

ਮੇਰਾ ਜਿਸਮ ਤੇ ਰੂਹ ਕਰਦੇ ਨਿੱਤ ਇਬਾਦਤ ਤੇਰੀ
ਫਿਰ ਵੀ ਤੂੰ ਮੈਨੂੰ ਹਾਸਿਲ ਨਹੀਂ
ਪਰ ਸੱਚ ਜਾਣੀ ਇੱਕ ਦਿਨ ਤੇਰੀ ਇਹ ਤਲਬ ਮੈਨੂੰ ਮਾਰ ਵੀ ਸਕਦੀ ਆਂ ਵੇ
ਸੱਜਣਾ।

ਈਸ਼ਾ ਲਿਖ਼ਾਰੀ

# "ਤੇਰੇ ਅੱਗੇ ਹਾਰੇ"

ਤੂੰ ਆਖਦੈ ਰੁੱਕਣ ਨੂੰ ਪਰ ਮਿਲਣ ਤੇ ਯਕੀਨ ਵੀ ਨੀ ਰੱਖਦਾ
ਐਵੇਂ ਉਡੀਕਣ ਵਾਲੇ ਸਾਰੇ ਮਾੜ੍ਹੇ ਨੀ ਹੁੰਦੇ,

ਮੈਨੂੰ ਲੱਗਦਾ ਹਰ ਅੱਖ ਪਿੱਛੇ ਇੱਕ ਸਮੁੰਦਰ ਹੋਊ
ਐਵੇਂ ਸਾਰੇ ਦਰਦਾਂ ਦੇ ਹੰਝੂ ਖਾਰੇ ਨੀ ਹੁੰਦੇ,

ਦਿਲਾਂ ਦੇ ਰਾਜ ਮੂੰਹ ਤੇ ਬੋਲਣ ਦੀ ਹਿਮਤ ਰੱਖਿਆ ਕਰ
ਐਵੇਂ ਪਿਆਰਾ ਦੇ ਬੋਲ ਸਾਰੇ ਭਾਰੇ ਨੀ ਹੁੰਦੇ,

ਸੱਜਣਾ ਜੇ ਤੇਰੀ ਨਿਅਤ ਹੁੰਦੀ ਨਾਲ ਰਹਿਣ ਦੀ ਤਾਂ ਮੈਂ ਵੀ ਕੀ
ਐਵੇਂ ਰੱਬ-ਰੂਬ ਵੀ ਅੱਗੇ ਤੇਰੇ ਹਾਰੇ ਨੀ ਹੁੰਦੇ ।

ਈਸ਼ਾ ਲਿਖ਼ਾਰੀ

# "ਸਫ਼ਰ ਇਸ਼ਕੇ ਦਾ"

ਜੇ ਅਧੂਰਾ ਰਹਿ ਗਿਆ ਇਸ਼ਕੇ ਦਾ ਸਫ਼ਰ
ਫਿਰ ਮਜ਼ਬੂਰੀਆਂ ਸਮਝ ਕੇ ਜਿੰਦ ਕਿਸੇ ਹੋਰ ਨਾਲ ਕੱਟ ਲਵਾਂਗੇ,

ਇੱਕ ਜ਼ਖ਼ਮ ਅਲੜ੍ਹ ਹੋਰ
ਦੀਵਾ ਬਾਲ ਕੇ ਤੇਲ 'ਚ ਬੱਤੀ ਬੱਟ ਲਵਾਂਗੇ,

ਜੇ ਨਾ ਹਾਸਿਲ ਹੋਏ ਇੱਕ-ਦੂੱਜੇ ਨੂੰ
ਪਾਕ ਮੁਹੱਬਤ ਦੀਆਂ ਗੰਡਾਂ ਕੱਟ ਲਵਾਂਗੇ,

ਬਸ ਤੂੰ ਧੋਖਾ ਨਾ ਦਈ ਸੱਜਣਾ
ਨਹੀ ਤਾਂ ਫੁੱਲਾਂ ਨਾਲ ਸਜਿਆ ਜਨਾਜ਼ਾ ਸੋਹਣੀ ਮਈਅਤ ਵੱਲ ਮੁੱਖੜਾ ਵੱਟ
ਲਵਾਂਗੇ।

ਈਸ਼ਾ ਲਿਖ਼ਾਰੀ

# "ਆਖਰੀ ਨਗਮਾਂ"

ਤੇਰੀਆਂ ਯਾਦਾਂ 'ਚ ਮੈਂ ਰਿਹਾਅ ਤੋਂ ਕੈਦ ਦਾ ਸਫਰ ਕੀਤਾ ਆ,
ਰਿਸਦੇ ਫੱਟ ਤੋਂ ਰਾਹਤ ਦਾ ਸਫਰ ਕੀਤਾ ਆ,
ਹਾਸਿਆਂ ਤੋਂ ਹੰਝੂਆਂ ਦਾ ਸਫਰ ਕੀਤਾ ਆ,
ਵਸਲ ਤੋਂ ਉਜਾੜ ਦਾ ਸਫਰ ਕੀਤਾ ਆ,
ਸ਼ਰਾਰਤਾਂ ਤੋਂ ਬੰਦ ਮੁਠੀਆਂ ਦੀਆਂ ਚੀਸਾਂ ਦਾ ਸਫਰ ਕੀਤਾ ਆ,
ਮੈਂ ਪਾਗਲ ਜਿਹੀ ਤੋਂ ਸਮਝਦਾਰ ਦਾ ਸਫ਼ਰ ਕੀਤਾ ਆ,
ਤੇਰੇ ਦਿਲ ਦੀ ਅੱਖਾਂ ਥਾਣੀ ਮੈਂ ਪੜ੍ਹ ਲੈਂਦੀ ਤੇ ਹੁਣ ਕਿਤਾਬਾਂ ਤੋਂ ਲਿਖਤ ਦਾ ਸਫਰ ਕੀਤਾ ਆ,
ਕਾਫੀ ਅਰਸੇ ਹੋ ਗਏ ਮਿਲਿਆਂ ਨੂੰ ਮੈਂ ਜਿਉਂਦੀ ਜਿਹੀ ਨੇ ਅੱਧ ਮੋਈ ਦਾ ਸਫ਼ਰ ਕੀਤਾ ਆ,
ਆਖਰੀ ਨਗਮਾਂ ਆਹੀ ਆ ਕਿ ਅੱਜ ਮੈਂ ਤੇਰੇ ਪਿਆਰ ਵਿੱਚ ਪਾਕ ਮੁਹੱਬਤ ਤੋਂ ਚਿੱਟੇ ਕਫ਼ਨ ਦਾ ਸਫਰ ਕੀਤਾ ਆ।

ਈਸ਼ਾ ਲਿਖ਼ਾਰੀ

# "ਸਕੂਲ"

ਜਿੱਥੇ ਖੜੇ ਸੀ ਇੱਕ ਦੂਜੇ ਲਈ ਹਾਣੀਓ ਉਹ ਲੇ ਸਟੈਂਡ ਚੇਤੇ ਆਣਗੇ,
ਕੁੱਝ ਲੱਗਦੇ ਨਹੀਂ ਸੀ ਵਿਸ਼ੇ ਚੰਗੇ ਉਨ੍ਹਾਂ 'ਚ ਕੀਤੇ ਬੰਕ ਚੇਤੇ ਆਣਗੇ, ਜਿੱਥੇ ਬੈਠ ਕੇ
ਲੁਕਾਏ ਸੀ ਇੱਕ-ਦੂਜੇ ਤੋਂ ਦੁੱਖ ਉਹ ਖੜੇ ਲੈਕਚਰ-ਸਟੈਂਡ ਚੇਤੇ ਆਣਗੇ,
ਜਿਹੜੇ ਖਾਂਦੇ ਸੀ ਸਮੇਂ ਤੋਂ ਪਹਿਲਾਂ ਉਹ ਖੋਲੇ ਟਿਫਨ ਚੇਤੇ ਆਣਗੇ,
ਕਈਆਂ ਨੇ ਕੀਤੇ ਮਾਹੌਲ ਖਰਾਬ ਅਧਿਆਪਕਾਂ ਵਲੋਂ ਮਾਰੇ ਉਹ ਤਾਨੇ ਚੇਤੇ
ਆਣਗੇ,
ਜਿਹਦੇ ਫਾਈਨ ਪੈਣ ਤੇ ਵੀ ਫਰਕ ਨੀ ਪੈਂਦਾ ਉਹ ਨੀ ਲਾਏ ਰੀਵਨ ਚੇਤੇ ਆਣਗੇ,
ਜਦੋਂ ਕੀਤੇ ਸੀ ਇੱਕ-ਦੂਜੇ ਨਾਲ ਦੁੱਖ ਸਾਂਝੇ ਉਦੋਂ ਅੰਝੂਆਂ 'ਚ ਬਦਲੇ ਹਾਸੇ ਚੇਤੇ
ਆਣਗੇ,
ਅਖੀਰਲਾ ਅੱਜ ਇਕਲੋਤਾ ਦਿਨ ਆ ਫਿਰ ਬਾਅਦ 'ਚ ਕੀਤੇ ਬਸ ਮਖੌਲ ਚੇਤੇ
ਆਣਗੇ,
ਜਦੋਂ ਬਿਨ੍ਹਾਂ ਗੱਲ ਤੋਂ ਕਰਦੇ ਸੀ ਲੜਾਈ ਉਹ ਪੈਰ-ਪੈਰ ਤੇ ਲੇ ਪੰਗੇ ਚੇਤੇ ਆਣਗੇ,
ਜਦੋਂ ਫੋਟੋਆਂ ਵੇਖ ਕੇ ਰੋਣਾ ਪਿਆ ਫਿਰ ਸਕੂਲ 'ਚ ਹੰਢਾਏ ਉਹ ਪਲ ਚੇਤੇ ਆਣਗੇ।

ਈਸ਼ਾ ਲਿਖ਼ਾਰੀ

# "ਗੁਨਾਹ"

ਆਪਣੇ ਸ਼ਹਿਰ 'ਚ ਰਹਿਣਾ ਗੁਨਾਹ ਹੋ ਗਿਆ
ਦਿਨੇ ਸੌਣਾ ਸੱਜਣਾ ਸਾਡਾ ਗੁਨਾਹ ਹੋ ਗਿਆ,

ਰਾਤ ਨੂੰ ਨੀਂਦ ਨੀ ਆਉਂਦੀ
ਅੱਖਾਂ ਦਾ ਸੂਜਨਾ ਸੱਜਣਾ ਗੁਨਾਹ ਹੋ ਗਿਆ,

ਆਪਣਾ ਹਾਲ ਦੱਸ ਨੀ ਸਕਦੀ ਅਲਫਾਜ਼ਾਂ 'ਚ
ਤੇ ਦੁੱਖਾਂ 'ਚ ਰਹਿਣਾ ਸੱਜਣਾ ਸਾਡਾ ਗੁਨਾਹ ਹੋ ਗਿਆ ।

ਈਸ਼ਾ ਲਿਖ਼ਾਰੀ

# "ਇੱਜ਼ਤ"

ਜੇ ਕਰੇ ਕੋਈ ਇੱਜ਼ਤ ਕਿੱਸੇ ਦੀ
ਤਾਂ ਐਵੇ ਗੰਢੀ ਸੋਚ ਲੈ ਕੇ ਉਹਦੇ ਜਿਸਮਾਂ ਤੇ ਨਈ ਜਾਈਦਾ,

ਦੁੱਖਾਂ ਨੂੰ ਦਿਲ 'ਚ ਦਬਾ ਕੇ ਰੱਖ ਲਈ
ਐਵੇਂ ਰੌ-ਰੌ ਕੇ ਰੋਲਾ ਨਹੀ ਪਾਈਦਾ,

ਜਦੋਂ ਆਪਣੇ ਘਰ ਹੋਊ ਤੇ ਪਤਾ ਲੱਗੂ
ਐਵੇ ਕਿਸੇ ਦੀ ਧੀ ਨੂੰ ਹੱਥ ਨੀ ਲਾਈਦਾ ।

ਈਸ਼ਾ ਲਿਖ਼ਾਰੀ

# "ਬੁੱਲ੍ਹੇ ਸ਼ਾਹ"

ਸੱਪਾਂ ਦੀ ਘਾਟ ਨੀ ਦੁਨੀਆਂ ਤੇ
ਲੋਕ ਹੀ ਸੱਪ ਬਣ ਕੇ ਡੱਸ ਜਾਂਦੇ ਨੇ,

ਬੇਗ਼ਾਨਿਆਂ ਦੀ ਕੀ ਗੱਲ ਕਰਨੀ ਛੱਡੋ !
ਇੱਥੇ ਆਪਣੇ ਹੀ ਆਪਣਾ ਬਣਾ ਕੇ ਠੱਗ ਜਾਂਦੇ ਨੇ,

ਬਹੁਤਾ ਕਰੀ ਨਾ ਯਕੀਨ ਆਪਣਿਆਂ ਤੇ
ਮਤਲਬ ਕੱਡ ਕੇ ਇਹ ਵੱਗ ਜਾਂਦੇ ਨੇ,

ਜਿਹਨਾਂ ਨੂੰ ਸਮਝਣ ਵਾਲਾ ਕੋਈ ਨਈ ਹੁੰਦਾ
ਉਹ ਬੁੱਲ੍ਹੇ ਸ਼ਾਹ ਜੀ ਦੇ ਰੰਗ ਵਿੱਚ ਰੰਗੇ ਜਾਂਦੇ ਨੇ।

ਈਸ਼ਾ ਲਿਖ਼ਾਰੀ

# "ਭੁੱਲਣਾ ਚਾਉਂਦੀ”

ਤੇਰੇ ਦਿੱਤੇ ਤੋਹਫ਼ਿਆਂ ਨੂੰ ਪਾਣੀ ਵਿੱਚ ਸੁੱਟ ਕੇ
ਮੈਂ ਉਹ ਪਿਆਰ ਭੁੱਲਣਾ ਚਾਉਂਦੀ ਆ,

ਤੇਰਾ ਸੁਪਨੇ 'ਚ ਆਕੇ ਰੋਜ਼ ਮਿਲਣਾ
ਮੈਂ ਉਹ ਲੱਖਾਂ-ਕਰੋੜਾਂ ਯਾਂਦਾ ਭੁੱਲਣਾ ਚਾਉਂਦੀ ਆ,

ਕਦੇ ਮਾੜੇ ਸਮੇਂ ਵਿੱਚ ਦਿੱਤਾ ਸੀ ਤੂੰ ਸਾਥ ਮੇਰਾ
ਮੈਂ ਉਹ ਹਮਦਰਦੀ ਭੁੱਲਣਾ ਚਾਉਂਦੀ ਆ,

ਕੋਈ ਕਰੇ ਜ਼ਿਕਰ ਮੇਰੇ ਸਾਮ੍ਹਣੇ ਤੇਰਾ ਤਾਂ
ਮੈਂ ਉਹ ਤੇਰਾ ਨਾਮ ਭੁੱਲਣਾ ਚਾਉਂਦੀ ਆ,

ਅਖੀਰਲੀ ਗੱਲ ਇੱਥੇ ਮੁਕਦੀ ਆ ਸੱਜਣਾ
ਕਿ ਮੈਂ ਤੈਨੂੰ ਭੁੱਲਣਾ ਚਾਉਂਦੀ ਆ।

ਈਸ਼ਾ ਲਿਖ਼ਾਰੀ

# "ਲਾਜ਼ਮੀ"

ਕੱਲਾ ਸੁਣਨ ਵਾਲਾ ਨਈ
ਸਮਝਣ ਵਾਲਾ ਵੀ ਹੋਣਾ ਚਾਹੀਦਾ ਲਾਜ਼ਮੀ ਏ,

ਕੱਲਾ ਹੱਸਣ ਵਾਲਾ ਨਈ
ਨਾਲ ਰੋਣ ਵਾਲਾ ਵੀ ਹੋਣਾ ਚਾਹੀਦਾ ਲਾਜ਼ਮੀ ਏ,

ਮੈਂ ਸਭ ਕੁੱਝ ਪਾਕੇ ਆਕੜਾਂ ਨਹੀ ਕਰਨਾ ਚਾਹੁੰਦੀ
ਕੁੱਝ ਖੋਬਨ ਵਾਲਾ ਵੀ ਹੋਣਾ ਚਾਹੀਦਾ ਲਾਜ਼ਮੀ ਏ,

ਲੋਕਾਂ ਬਾਰੇ ਪਤਾ ਨੀ ਪਰ ਇੱਜ਼ਤਾਂ ਦਾ ਦਾਗ਼
ਮੇਰੇ ਲਈ ਧੌਣਾ ਚਾਹੀਦਾ ਮੈਨੂੰ ਲਾਜ਼ਮੀ ਏ।

ਈਸ਼ਾ ਲਿਖ਼ਾਰੀ

# "ਆਪਣਾ-ਆਪ"

ਵੈਸੇ ਤਾਂ ਉਤੋਂ-ਉਤੋਂ ਬਹੁਤ ਹੱਸਦੀ ਆ
ਤੂੰ ਸਾਮ੍ਹਣੇ ਆਵੇਂ ਤਾਂ ਅੱਖਾਂ ਚੋਂ ਪਾਣੀ ਦੀ ਬਰਸਾਤ ਨਾ ਕਰਦਾ,

ਦਿਲ ਵਿੱਚ ਲੁਕਾ ਲਏ ਜਜ਼ਬਾਤ, ਮੁਹੱਬਤ, ਖੁਸ਼ੀ
ਤੂੰ ਸਾਮ੍ਹਣੇ ਆਵੇਂ ਤਾਂ ਮੈਂ ਉਹ ਪਿਆਰ ਨਾ ਮਾਰਦਾ,

ਲੋਕ ਪੁੱਛਣ ਤੇ ਹਾਲ ਮੇਰਾ ਠੀਕ ਆ
ਤੂੰ ਸਾਮ੍ਹਣੇ ਆਵੇਂ ਤਾਂ ਜਖ਼ਮਾਂ ਦਾ ਗੁਨਾਗਾਰ ਤੈਨੂੰ ਸਾਬਤ ਨਾ ਕਰਦਾ,

ਇੱਕ ਵਾਰ ਲਵੇ ਸਹੀ ਮੇਰੀ ਜ਼ੁਬਾਨ ਤੇਰਾ ਨਾਮ
ਤੂੰ ਸਾਮ੍ਹਣੇ ਆਵੇਂ ਤਾਂ ਮੈਂ ਆਪਣਾ ਆਪ ਨਾ ਮਾਰਦਾ।

ਈਸ਼ਾ ਲਿਖ਼ਾਰੀ

# "ਇੱਜ਼ਤ-2"

ਮੈਂ ਅੱਜ ਤੱਕ ਆਪਣਾ ਬਹੁਤ ਕੁੱਝ ਗਵਾਇਆ ਹੋਇਆ,
ਪਰ ਕਈਆਂ ਨੇ ਮੈਨੂੰ ਇਸ਼ਕੇ ਚ ਧੋਖਾ ਖ਼ਾ ਦੀ ਨੂੰ ਪਾਇਆ ਹੋਇਆ
ਮੈਂ ਕਿਵੇਂ ਦੱਸਾਂ ਮੈਨੂੰ ਕਿੱਸੇ ਸ਼ਖ਼ਸ ਨੇ ਨਈ
ਲਾਜ਼ਮੀ ਇੱਜ਼ਤਾਂ ਤੇ ਹੋਏ ਵਾਰਾਂ ਨੇ ਸਤਾਇਆਂ ਹੋਇਆ।

ਈਸ਼ਾ ਲਿਖ਼ਾਰੀ

# "ਤਰੀਜ਼ਾਂ"

ਤੇਰੇ ਰਵੱਈਏ ਦੇ ਤੀਰਾਂ ਨਾਲੋ ਜਿਆਦਾ
ਮੇਰੇ ਸੂਟਾਂ ਦੀਆਂ ਤਿੱਖੀਆਂ ਤਰੀਜ਼ਾਂ ਹੁੰਦੀਆਂ,

ਸ਼ੱਕ ਤੇ ਬਲੇਮ ਤੋਂ ਇਲਾਵਾ ਸੱਜਣਾ
ਦੁਨੀਆਂ ਤੇ ਪਿਆਰ ਮੁਹੱਬਤ ਦੀਆਂ ਵੀ ਚੀਜ਼ਾਂ ਹੁੰਦੀਆਂ,

ਮੈਂ ਪਿਆਰ ਦੇ ਬਦਲੇ ਪਿਆਰ ਮੰਗਦੀ ਰਹੀ
ਤੇ ਤੇਰੀਆਂ ਜਿਸਮਾਂ ਨਾਲ ਖੇਡਣ ਦੀਆਂ ਰੀਜ਼ਾਂ ਹੁੰਦੀਆਂ।

ਈਸ਼ਾ ਲਿਖ਼ਾਰੀ

# "ਆਟਾ ਗੁੰਨਦੀ"

ਜੇ ਇੱਕ ਵਾਰੀ ਫੜ ਲਿਆ ਹੱਥ ਫਿਰ ਪਿੱਛੇ ਨਹੀ ਹੱਟਦੀ,
ਮੁਹੱਬਤ ਤੂੰ ਵੀ ਜਿਸਮਾਂ ਤੋਂ ਨਹੀ ਮੇਰੇ ਵਾਂਗ ਰੂਹ ਨਾਲ ਕਰਲੀ,
ਮੈਂ ਤੇਰਾ ਹਰ ਕੰਮ 'ਚ ਹੱਥ ਵੱਟਾਉਂਗੀ ਤੂੰ ਜਿਆਦਾ ਨਹੀ ਤਾਂ ਥੋੜਾ ਆਟਾ ਗੁੰਨਦੀ
ਈਸ਼ਾ ਦੀਆਂ ਜ਼ੁਲਫਾਂ ਪਿੱਛੇ ਕਰਦੀ।

ਈਸ਼ਾ ਲਿਖ਼ਾਰੀ

# "ਫ਼ਰਕ"

ਕੀ ? ਤੈਨੂੰ ਫ਼ਰਕ ਪਉ ਸੱਜਣਾ
ਜੇ ਤੂੰ ਮੇਰੀ ਬਲਦੀ ਅੱਗ ਦਾ ਸੀਵਾ ਆਣਕੇ ਸੇਕ ਲਵੇ,
ਅੱਖਾਂ ਤੇਰੀਆਂ ਵਿੱਚੋ ਪਾਣੀ ਨੀ ਰੁੱਕਣਾ
ਜੇ ਤੂੰ ਹਾਲ ਮੇਰਾ ਘਰੇ ਆਣਕੇ ਦੇਖ ਲਵੇ,
ਫਿਰ ਮੈਂ ਤੇਰੇ ਰੌਣ ਉੱਤੇ ਵੀ ਵਾਪਸ ਨੀ ਆਉਣਾ
ਤੂੰ ਮੱਥਾ ਪਾਵੇਂ ਮਸੀਤਾਂ ਤੇ ਜਾਕੇ ਟੇਕ ਲਵੇ,
ਜਿਆਦਾ ਮੰਨਤਾਂ ਨੀ ਇਸ ਦਿਲ ਦੀਆਂ ਸੱਜਣਾ
ਬਸ ਜਾਣ ਤੋ ਪਹਿਲਾਂ ਤੂੰ ਮੈਨੂੰ ਘਰੇ ਆਣਕੇ ਦੇਖ ਲਵੇ।

ਈਸ਼ਾ ਲਿਖ਼ਾਰੀ

# "ਸਾਈਂ ਜੀ"

ਜੇ ਮੈਂ ਸਭ ਦੇ ਹਾਸਿਆ 'ਚ ਹੱਸਾ
ਤੇ ਉਹ ਮੇਰੇ ਰੋਂਣ 'ਚ ਨਾਲ ਰਹਿੰਦਾ ਆ,

ਜੇ ਮੈਂ ਸਭ ਦੇ ਸੁੱਖ 'ਚ ਸੁੱਖੀ ਹੋਵਾ
ਤੇ ਉਹ ਮੇਰੇ ਦੁੱਖਾਂ 'ਚ ਨਾਲ ਰਹਿੰਦਾ ਆ,

ਜਿਹਦੀ ਰਹਿੰਦੀ ਆ ਰਜ਼ਾ 'ਚ ਮੈਂ
ਉਹ ਵਿੱਚ ਮਸੀਤਾਂ ਸੱਚੀ ਦਰਗਾਹ 'ਚ ਰਹਿੰਦਾ ਆ,

ਜੇ ਮੈਂ ਹੋਵਾਂ ਆਪਣੇ ਯਾਰ ਸੱਜਣ ਦੀ ਮੁਰੀਦ
ਤੇ ਉਹ ਸਾਈਂ ਜੀ ਮੇਰੇ ਸਾਹਾਂ 'ਚ ਰਹਿੰਦਾ ਆ।

ਈਸ਼ਾ ਲਿਖ਼ਾਰੀ

# "ਚਰਿੱਤਰਹੀਣ"

ਮੈਂ ਰੋ ਲਵਾਂਗੀ ਹੱਸ-ਹੱਸ ਕੇ
ਤੂੰ ਦਰਦਾਂ ਦਾ ਭਰਿਆ ਭਾਵੇਂ ਟੋਕਰਾ ਦੇ ਦਈਂ,
ਜੇ ਕੱਡਣਾ ਹੋਇਆ ਜ਼ਿੰਦਗੀ ਚੋ ਤਾਂ ਕੱਡ ਦਈਂ
ਪਰ ਗਲਤ ਕੰਮ ਦਾ ਇਲਜਾਮ ਨਾ ਲਾ ਦਈਂ
ਮੰਨਿਆਂ ਮੈਂ ਗਲਤ ਕੰਮ ਸਹਿ ਸਕਦੀ
ਪਰ ਗਲਤ ਕਿੱਸੇ ਨਾਲ ਕਰ ਨਹੀਂ ਸਕਦੀ,
ਮੈਂ ਤੇਰੀ ਜ਼ਿੰਦਗੀ ਖਰਾਬ ਕੀਤੀ
ਇਹ ਗੱਲ ਮੇਰੇ ਦਿਲ ਨੇ ਕਿੱਦਾਂ ਨਾ ਕਿੱਦਾਂ ਸਾਰ ਦੀਤੀ,
ਪਰ ਇੱਕ ਗੱਲ ਦੱਸਾਂ
ਤੇਰੇ ਚਰਿੱਤਰਹੀਣ ਦੇ ਸ਼ਬਦ ਨੇ ਕੁੜੀ ਟੈਂਸ਼ਨਾ ਵਾਲੀ ਮਾਰ ਦਿੱਤੀ।

ਈਸ਼ਾ ਲਿਖ਼ਾਰੀ

# "ਦੀਦਾਰ"

ਮੁਹੱਬਤ ਇਕੱਲੀ ਤੈਨੂੰ ਨਹੀ
ਰੰਗ ਮੈਨੂੰ ਵੀ ਚੜ੍ਹਿਆ ਸੀ ਪਿਆਰ ਦਾ ਸੂਹਾ,

ਕੁੱਝ ਸੀ ਜ਼ਿੰਦਗੀ ਦੇ ਰਾਜ਼
ਤੈਨੂੰ ਕਰਕੇ ਆਪਣੇ ਤੋਂ ਦੂਰ ਫਿਰ ਟੋਹ ਲਿਆ ਦਿਲ ਦਾ ਬੂਹਾ,

ਰੋਈ ਅੱਖ ਕੱਲੀ ਤੇਰੀ ਨਈ
ਹੌਕਿਆਂ ਨਾਲ ਮੈਂ ਵੀ ਭਰਿਆ ਏ ਹੰਝੂਆਂ ਦਾ ਖੂਹਾ,

ਤੂੰ ਦਿੱਸਦਾ ਨਹੀਂ ਇਹਨਾਂ ਅੱਖੀਆਂ ਨੂੰ
ਆਪਣਾ ਕਰਦੀਆਂ ਨੇ ਦੀਦਾਰ ਸੁਫ਼ਨੇ 'ਚ ਸਾਡੀਆਂ ਰੂਹਾਂ।

ਈਸ਼ਾ ਲਿਖ਼ਾਰੀ

# "ਕੁੱਝ ਨੀ ਰਿਹਾ"

ਅਸੀ ਹੰਝੂਆਂ ਨਾਲ ਹੱਸ ਕੇ ਵੀ ਖੁਸ਼ ਰਹਿ ਲੈਨੇ
ਤੂੰ ਸਾਡੇ ਨਾਲ ਰਹਿ ਵੀ ਖੁਸ਼ ਨਹੀ ਰਿਹਾ,

ਦਿਲ ਦਾ ਦਰਦ ਛੱਡ ਸੱਜਣਾ
ਤੂੰ ਤਾਂ ਸੱਚਾ-ਝੂੱਠਾ ਸਾਡਾ ਹਾਲ ਵੀ ਪੁੱਛ ਨਹੀ ਰਿਹਾ,

ਅੱਜ ਪਤਾ ਲੱਗਾ ਤੇਰੇ ਅੱਗੇ
ਮੇਰੇ ਇਸ਼ਕ ਦੇ ਵਾਅਦੇ, ਜਜ਼ਬਾਤ, ਪਿਆਰ ਦਾ ਕਰਾਰ ਹੁਣ ਕੁੱਝ ਨਹੀਂ ਰਿਹਾ,

ਆਹ ਮੈਥੋਂ ਤਾਂ ਨਈ ਕਹਿ ਹੋਣਾ ਹੁਣ ਤੂੰ ਹੀ ਕਹਿ ਦੇ
ਕਿ ਸਾਡੇ ਵਿਚ ਹੁਣ ਕੁੱਝ ਨਹੀਂ ਰਿਹਾ।

ਈਸ਼ਾ ਲਿਖ਼ਾਰੀ

# "ਖ਼ਿਦਮਤ"

ਉਸ ਦੀਆਂ ਅੱਖਾਂ 'ਚ ਤਾਂ ਮੈਂ ਉਂਝ ਰੱਬ ਰੂਪੀ ਕਾਇਨਾਤ ਵੀ ਤੱਕ ਲਵਾਂ,
ਪਰ ਉਹਦੇ ਨੈਣਾਂ 'ਚ ਮੈਨੂੰ ਮੇਰੀ ਹੀ ਕਾਟ ਜਿਹੀ ਲੱਗਦੀ ਏ,

ਮੈਨੂੰ ਲੱਗਦਾ ਉਹਨੂੰ ਚੰਨ-ਤਾਰੇ ਬਹੁਤੇ ਹੀ ਪੰਸਦ ਹੋਣਗੇ,
ਕਿਉਂਕਿ ਉਹਦੇ ਨਾਮ ਵਿਚ ਹੀ ਮੈਨੂੰ ਕਾਲੀ ਰਾਤ ਜਿਹੀ ਲੱਗਦੀ ਏ,

ਵੱਸ ਚਲੇ ਤਾਂ ਮੂਹਰੇ ਬੈਠਕੇ ਪੂਜ ਲਵਾਂ ਉਹਨੂੰ,
ਕਿਉਂਕਿ ਮੇਰੀ ਇਬਾਦਤ ਮੈਨੂੰ ਮੇਰੇ ਨਾਮ ਰਾਤ ਦੀ ਪਹਿਲੀ ਨਮਾਜ਼ (ਈਸ਼ਾ) ਜਿਹੀ ਲੱਗਦੀ ਏ,

ਮੈਂ ਅੱਜ ਹੀ ਤੜਪਣਾ ਭੁੱਲਜਾ ਜੇ ਤੂੰ ਆਕੇ ਗਲ਼ ਨਾਲ ਲਾ ਲਏ,
ਪਰ ਤੇਰੀ ਹੀ ਮਜਬੂਰੀ ਮੈਨੂੰ ਇਕਸਾਰ ਹੋਣ ਦੀ ਰੁਕਾਵਟ ਜਿਹੀ ਲੱਗਦੀ ਏ,

ਤੂੰ ਹੀ ਦੱਸ ਕਦੋ ਮੁੜਕੇ ਆਉਣੇ
ਕਿਉਂਕੇ ਅਣਸੁਣੀ ਗਲਤੀ ਦੀ ਸਜ਼ਾ 'ਚ ਮੈਂ ਖੁੱਦ ਨੂੰ ਜਿਉਂਦੀ ਲਾਸ਼ ਜਿਹੀ ਲੱਗਦੀ ਏ,

ਮੇਰੀ ਹਸਰਤ ਨਹੀਂ ਕਿ ਮੈਂ ਤੇਰੇ ਤੇ ਮੌਕੂਫ਼ ਹੋਵਾ,
ਪਰ ਮੇਰੀ ਰੂਹ ਕੁਰਬਾਨ ਹਯਾਤ ਭਰ ਤੇਰੇ ਲਈ ਮਰਨ ਦੀ ਖ਼ਿਦਮਤ ਜਿਹੀ ਲੱਗਦੀ ਏ।

ਈਸ਼ਾ ਲਿਖ਼ਾਰੀ

# "ਝਾਂਜਰਾਂ ਦਾ ਜੋੜਾ"

ਤੇਰੇ ਦਿੱਤੇ ਜਖ਼ਮਾਂ ਨੂੰ ਮੈਂ ਛੱਜ ਵਿੱਚ ਛੱਟ ਕੇ ਇੱਕ ਪਾਸੇ ਰੱਖ ਦਿੱਤਾ,
ਤੇਰੇ ਚੜ੍ਹੇ ਪਿਆਰ ਦੇ ਸਰੂਰ ਨੇ ਸੱਜਣਾ ਮੈਨੂੰ ਚੜ੍ਹੀ ਜਵਾਨੀ ਰੋਲ ਦਿੱਤਾ,

ਓਦੋਂ ਰੱਬ ਨੇ ਵੀ ਸੱਜਣਾ ਹਾਸਿਆ ਵਾਲਾ ਬੰਦ ਕਰ,
ਬੂਹਾ ਹੰਝੂਆਂ ਵਾਲਾ ਖੋਲ ਦਿੱਤਾ,

ਫਿਰ ਜਿਉਂਦੀ ਮੈਂ ਮਰ ਗਈ ਸੱਜਣਾ,
ਜੱਦ ਨਿਸ਼ਾਨੀ ਵਾਲਾ ਪਿਆਰ ਦਾ ਛੱਲਾ ਤੂੰ ਮੈਨੂੰ ਮੋੜ ਦਿੱਤਾ,

ਤੈਨੂੰ ਹੋ ਗਏ ਸੀ ਮੰਜ਼ੂਰ ਫਾਂਸਲੇ,
ਤਾਂ ਮੈਂ ਵੀ ਤੇਰਾ ਦਿੱਤਾ ਝਾਂਜਰਾਂ ਦਾ ਜੋੜਾ ਫਿਰ ਪਾਣੀ ਵਿਚ ਰੋੜ ਦਿੱਤਾ।

ਈਸ਼ਾ ਲਿਖ਼ਾਰੀ

# "ਇਨਕਾਰ”

ਜੇ ਆਕੇ ਵਾਪਸ ਹੀ ਜਾਣਾ ਸੀ
ਫਿਰ ਕਿਉਂ ਕਿੱਤੇ ਜਨਮਾਂ ਦੇ ਕਰਾਰ ਸੋਹਣਿਆ,

ਤੈਨੂੰ ਦਿੱਲੋਂ ਚਾਹੁੰਦੇ ਸੀ ਤਾਹੀਂਓ ਕਰਦੀ ਸੀ ਉਡੀਕਾਂ
ਨਹੀ ਤਾਂ ਮਿਲ ਜਾਣੇ ਸੀ ਮੈਨੂੰ ਵੀ ਹਜ਼ਾਰ ਸੋਹਣਿਆ,

ਹੁਣ ਜਿੱਧਰ ਗਿਆ ਉੱਧਰ ਦਾ ਬਣਕੇ ਰਹੀ
ਵੇਖੀ ਕਿੱਥੇ ਉਹਨੂੰ ਵੀ ਨਾ ਕਰ ਦਈ ਇਨਕਾਰ ਸੋਹਣਿਆ।

ਈਸ਼ਾ ਲਿਖਾਰੀ

# "ਕਮਲੀ"

ਤੂੰ ਜਦੋਂ ਦਾ ਛੱਡ ਕੇ ਗਿਆ
ਮੈਂ ਬਸ ਉਦੋਂ ਦੀ ਕਮਲੀ ਹੋਈ ਫਿਰਦੀ ਆ,
ਤੂੰ ਸ਼ਾਮ ਵੇਲੇ ਦਾ ਪੁੱਛਦਾ ਸੱਜਣਾ
ਮੈਂ ਤਾਂ ਅੱਖੀਆਂ ਨੂੰ ਹਰ ਪਲ ਪਾਣੀ ਨਾਲ ਧੋਈ ਫਿਰਦੀ ਆ,

ਤੇਰੇ ਇਸ਼ਕ 'ਚ ਪੱਟੀ ਸੱਜਣਾ
ਤੇਰੇ ਮੂੰਹੋ ਬਦਨਾਮ ਹੋਈ ਫਿਰਦੀ ਆ,
ਪਾਕੇ ਸਾਂਝ ਉਮਰਾਂ ਦੀ ਵੇ
ਮੈਂ ਜੋਬਨ ਰੁੱਤੇ ਰੋਈ ਫਿਰਦੀ ਆ।

ਈਸ਼ਾ ਲਿਖ਼ਾਰੀ

# "ਸਕੂਲ ਵਾਲਾ ਚਰਿਤਰ"

ਅੰਤ ਦੇਖ ਜ਼ਿੰਦਗੀ 'ਚ ਸਕੂਲ ਤੋਂ ਬਿਨਾਂ ਹੋਰ ਕੋਈ ਦੌਰ ਲੱਗਾ ਨੀ ਚੰਗਾ,
ਮੈਨੂੰ ਇਸੇ ਲਈ ਮਰਦੇ ਸਾਰ ਹੀ ਸਕੂਲ ਵਾਲਾ ਚਰਿਤਰ ਬਣਾ ਦਿਓ।

ਕੀ ਕਰਨੇ ਲਾਲ-ਸੂਹੇ ਕਫ਼ਨ ਪਾਕੇ
ਐਂ ਕਰਿਓ ਮੇਰੇ ਬਦਨ ਉੱਤੇ ਚਿੱਟੀ-ਸੁਰਮੀ ਵਰਦੀ ਪਾ ਦਿਓ,
ਆਹ ਬਾਲ ਜਿਹੇ ਖੁੱਲੇ ਨਾ ਛੱਡੀਓ ਨਈ ਤਾਂ ਫਾਈਨ ਪੇਜੂ
ਐਂ ਕਰਿਓ ਦੋ ਗੁੱਤਾਂ ਗੁੰਦ ਕੇ ਉੱਤੇ ਦੋ ਰੀਬਨ ਲਾ ਦਿਓ,
ਮੈਂ ਸੁਣਿਆ ਅਰਥੀ ਤੇ ਜੁਰਾਬਾਂ  ਨਈ ਪਾਉਂਦੇ
ਐਂ ਕਰਿਓ ਮੱਥੇ ਉੱਤੇ ਸਿੰਦੂਰ ਦੀ ਇੱਕ ਨਿੱਕੀ ਜਿਹੀ ਬਿੰਦੀ ਲਾ ਦਿਓ,
ਦੇਖਿਓ ਕਿੱਥੇ ਸੂਈਆਂ ਨਾ ਲਾਇਓ ਸਿਰ ਨੂੰ
ਐਂ ਕਰਿਓ ਕਾਲੇ ਰੰਗ ਦੇ ਧਾਗੇ 'ਚ ਤਬੀਤ ਮੜ੍ਹਾ ਕੇ ਮੇਰੇ ਗਲੇ 'ਚ ਪਾ ਦਿਓ,
ਸਾਰੀ ਜ਼ਿੰਦਗੀ ਠੇਡੇ ਖਾ ਦੇ ਆਖਰ 'ਚ,
ਐਂ ਕਰਿਓ ਮੇਰੇ ਪੈਰਾਂ ਵਿਚ ਬਕਲ ਵਾਲੇ ਨਵੇਂ ਕਾਲੇ ਬੂਟ ਪਾ ਦਿਓ,
ਛਾਪਾਂ, ਛੱਲੇ ਤੇ ਮੁਰਕੀਆਂ ਤਾਂ ਆਪਣਿਆਂ ਨੇ ਹੀ ਖੋਲ ਲੈਣੀਆਂ
ਐਂ ਕਰਿਓ ਮੇਰੇ ਗੋਟ ਉੱਤੇ 150 ਵਾਲੀ ਘੜੀ ਪਾ ਦਿਉ,
ਨਈ ਆਉਂਣਗੇ ਮੇਰੀ ਮਈਅਤ ਤੇ ਮੇਰੇ ਕੁੱਝ ਖਾਸ,
ਐਂ ਕਰਿਓ ਮੇਰੇ ਦੋ-ਤਿੰਨ ਖਾਸ ਨੂੰ ਹੱਥ-ਘੜੀਆਂ ਪਾ ਦਿਓ,
ਹੋਇਆ ਅਫ਼ਸੋਸ ਜੇ ਉਹਨਾਂ ਨੂੰ ਤੇ ਪਿਟ ਸਿਆਪਾ ਨਾ ਕਰਨ ਦੇਣਾ ਮੇਰੀ ਹਿੱਕ ਤੇ
ਐਂ ਕਰਿਓ ਮੇਰੇ ਵੱਲੋਂ ਮਾਫ ਕਰਨ ਦੇ ਬੋਰਡ ਮੜ੍ਹੀਆਂ ਤੇ ਪਾ ਦਿਓ,
ਇੱਧਰ-ਉੱਧਰ ਨਾ ਲੈ ਜਾਣਾ ਮੇਰੀ ਲਾਸ਼ ਨੂੰ
ਐਂ ਕਰਿਓ ਮੇਰੇ ਸਕੂਲ ਦੇ ਸਾਮ੍ਹਣੇ ਵਾਲੇ ਸ਼ਮਸ਼ਾਨ ਤੇ ਜਿਸਮ ਦੇ ਨਾਲ ਜ਼ਖਮਾਂ ਤੇ
ਵੀ ਅੱਗ ਪਾ ਦਿਓ,

ਅੰਤ ਦੇਖ ਜ਼ਿੰਦਗੀ 'ਚ ਸਕੂਲ ਤੋਂ ਬਿਨਾਂ ਹੋਰ ਕੋਈ ਦੌਰ ਲੱਗਾ ਨੀ ਚੰਗਾ,
ਐਂ ਕਰਿਓ ਮੈਨੂੰ ਮਰਦੇ ਸਾਰ ਹੀ ਸਕੂਲ ਵਾਲਾ ਚਰਿੱਤਰ ਬਣਾ ਦਿਓ।

ਈਸ਼ਾ ਲਿਖ਼ਾਰੀ

# "ਕਬਰ"

ਐਹੋ ਜਿਹਾ ਕਿਹੜਾ ਪੰਨਾ ਨੀ ਮੇਰੀ ਜ਼ਿੰਦਗੀ ਦਾ
ਜਿਸ ਵਿੱਚ ਤੇਰੀ ਕੋਈ ਸਤਰ ਨਾ ਹੋਵੇ,

ਇਹੋ ਜਿਹਾ ਕਿਹੜਾ ਵੇਲਾ ਨੀ
ਜਿਸ ਵਿੱਚ ਮੈਨੂੰ ਤੇਰਾ ਫਿਕਰ ਨਾ ਹੋਵੇ,

ਜਿੱਥੇ ਇੱਕ ਦਿਨ ਜਿਸਮਾਂ ਤੋਂ ਨਈ ਰੂਹਾਂ ਨਾਲ ਮਿਲਣਾ
ਉਸ ਥਾਂ ਤੇ ਜਾਨੇ ਤੇਰੇ ਨਾਲੋ ਪਹਿਲਾਂ ਮੇਰੀ ਕਬਰ ਹੋਵੇ।

ਈਜ਼ਾ ਲਿਖਾਰੀ

# "ਇੱਕ ਗੱਲ ਦੱਸ ਵੇ"

ਮੈਨੂੰ ਤੇਰੇ ਇਸ਼ਕ ਨੇ ਨਈ
ਮੇਰੇ ਦਰਦਾਂ ਨੇ ਲਿਖਣ ਲਾਇਆ ਏ,
ਮੈਂ ਲੋਕ ਵਾਂਗ ਸੋਨੇ ਦਾ ਨਈ ਸੱਜਣਾ
ਹੰਝੂਆਂ ਦਾ ਗਹਿਣਾ ਗਲ਼ ਵਿੱਚ ਪਾਇਆ ਏ,
ਦਿਲ ਨੂੰ ਦਿਲਾਂ ਦੇ ਜਾਨੀ ਕਿੱਥੇ ਮਿਲਦੇ
ਅੱਜ-ਕੱਲ ਮੁਹੱਬਤ ਰੂਹਾਂ ਦੀ ਨਈ ਜਿਸਮਾਂ ਦੀ ਮਾਇਆ ਏ,
ਤੂੰ ਤਾਂ ਛੱਡ ਗਿਆ ਸੋਹਣਿਆ ਸੱਜਣਾ ਸਾਨੂੰ ਪੋਹ ਮਹਿਨੇ
ਮੈਂ ਰੂਤਾਂ ਪਿਆਰ ਦੀਆਂ 'ਚ ਅੱਖਾਂ ਦਾ ਪਾਣੀ ਵਹਾਇਆ ਏ,
ਤੂੰ ਹੋ ਗਿਆ ਦੂਰ  ਕਰਕੇ ਦਿਲਾਂ ਦੇ ਕਰਾਰ,
ਮੈਂ ਹੁਣ ਯਾਰ ਪੀਰ ਗਿਆਰਵੀਂ ਵਾਲਾ ਆਪਣਾ ਬਣਾਇਆ ਏ,
ਤੂੰ ਗਿਆ ਅੱਧ-ਵਿਚਾਲੇ ਛੱਡ ਕੇ,
ਇਹ ਮੈਨੂੰ ਪਤਾ ਮੈਂ ਕਿੱਧਾ ਆਪਣੇ ਰੋਂਦੇ ਦਿਲ ਨੂੰ ਮਨਾਇਆ ਏ,
ਇੱਕ ਗੱਲ ਦੱਸੀ ਸੱਜਣਾ
ਜ਼ਿੰਦਗੀ 'ਚੋ ਤਾਂ ਤੂੰ ਮੈਨੂੰ ਕੱਡ ਗਿਆ!
ਫਿਰ ਦੱਸ ਰਾਤ ਮੈਨੂੰ ਸੁਪਨੇ 'ਚ ਕੂਟ ਕੇ ਗਲ਼ ਨਾਲ ਕਿਉਂ ਲਗਾ ਆਇਆ ਏ,

ਵੇ ਸੱਜਣਾ ਇੱਕ ਗੱਲ ਦੱਸ ਵੇ ਸੱਜਣਾ
ਇੱਕ ਗੱਲ ਦੱਸ ਵੇ ਸੱਜਣਾ।

ਈਸ਼ਾ ਲਿਖ਼ਾਰੀ

# "ਮੁਲਾਕਾਤਾਂ"

ਮੁਲਾਕਾਤਾਂ ਤੇ ਸੱਤ ਸਾਲ ਹਰ ਇੱਕ ਦਿਨ ਹੁੰਦੀਆਂ ਰਹੀਆਂ
ਫਿਰ ਕੀ ਏ ਜੇ ਉਹਨੂੰ ਯਾਦ ਨਈ,
ਉਹਦੇ ਆਉਣ ਤੋਂ ਪਹਿਲਾਂ ਹੀ ਉਹਦੇ ਰਾਹਾਂ 'ਚ ਖੜ੍ਹ ਜਾਂਦਾ ਸਾਂ
ਫਿਰ ਕੀ ਏ ਜੇ ਉਹਨੂੰ ਯਾਦ ਨਈ,
ਉਹਦੇ ਦਿੱਤੇ ਸਾਰੇ ਕੰਮ ਮੈਂ ਕਰ ਮਰਾ ਛੱਡਦਾ
ਫਿਰ ਕੀ ਏ ਜੇ ਉਹਨੂੰ ਯਾਦ ਨਹੀ,
ਉਹਦੇ ਤੋਂ ਹੀ ਗਾਲਾਂ ਸੁਣਨ ਲਈ ਮੈਂ ਲੈ ਜੋ-ਜੋ ਵੀ ਪੰਗੇ
ਫਿਰ ਕੀ ਏ ਜੇ ਉਹਨੂੰ ਯਾਦ ਨਈ,
ਉਂਝ ਤਾਂ ਮੈਂ ਦੁਨੀਆਂ ਦੀ ਪਹਿਚਾਣ ਵਿਚ ਸਾਂ ਫਿਲਹਾਲ
ਫਿਰ ਕੀ ਏ ਜੇ ਉਹਨੂੰ ਯਾਦ ਨਈ,
ਉਹਨੂੰ ਲੱਗਦਾ ਮੈਂ ਬੀਤਿਆਂ ਹੋਇਆ ਸਮਾਂ ਭੁੱਲ ਚੁੱਕਿਆ
ਫਿਰ ਕੀ ਏ ਜੇ ਉਹਨੂੰ ਯਾਦ ਨਈ,
ਉਹਦੇ ਨਾਲ ਮੈਨੂੰ ਬਹੁਤ ਕੁੱਝ ਦੇਖਣ ਨੂੰ ਮਿਲਿਆ ਜ਼ਿੰਦਗੀ 'ਚ
ਫਿਰ ਕੀ ਏ ਜੇ ਉਹਨੂੰ ਯਾਦ ਨਈ,
ਫ਼ਲਕ ਦੀਆਂ ਸਾਰੀਆਂ ਮੁਲਾਕਾਤਾਂ ਇੱਕ ਪਾਸੇ,
ਆਖਰੀ ਨੈਣਾਂ ਦਾ ਮੇਲ ਉਹਦਾ ਪੜਾਉਂਦੀ ਹੋਈ ਪੰਜਵੀ ਜਮਾਤ ਦਾ ਮੇਰੀ ਅੱਖਾਂ
ਮੂਹਰੇ ਅੱਜ ਵੀ
ਫਿਰ ਕੀ ਏ ਜੇ ਉਹਨੂੰ ਯਾਦ ਨਈ।

ਈਸ਼ਾ ਲਿਖ਼ਾਰੀ

# "ਅਰਸ਼ਾ ਦਾ ਰਾਜਾ"

ਤੇਰੇ ਜਿਹਾ ਮੈਂ ਇਲਾਹੀ ਨੂਰ ਕਿੱਥੇ ਅੱਜ ਤੱਕ ਤੱਕਿਆ ਨਈ,
ਤੂੰ ਮੈਨੂੰ ਭਰ ਜਵਾਨੀ ਦਾ ਦੌਰ ਜਿਹਾ ਲੱਗਦਾ ਏ,

ਜੰਮੇ ਹੋਣੇ ਰਾਂਝਾ, ਪੁੰਨੂੰ ,ਮਿਰਜ਼ਾ ਦੁਨੀਆਂ ਤੇ,
ਪਰ ਤੂੰ ਤਾਂ ਮੈਨੂੰ ਸਚੀਓ ਅਰਸ਼ਾ ਦਾ ਰਾਜਾ ਜਿਹਾ ਲੱਗਦਾ ਏ।

ਈਸ਼ਾ ਲਿਖ਼ਾਰੀ

# "ਡਰਾਵੇ ਤੇ ਦਾਅਵੇ"

ਜਾਕੇ ਦੇਖ ਲਈ ਉਹਨਾਂ ਥਾਵਾਂ ਤੇ
ਮੇਰੇ ਹੰਝੂਆਂ ਦੇ ਚੌੜੇ ਅੱਜੇ ਵੀ ਉੱਥੇ ਪਏ ਹੋਏ ਨੇ,
ਤਰੀਖਾਂ, ਮਹੀਨੇ, ਸਾਲ ਕੀ ਪੁੱਛਦੇ ਓ
ਸੱਜਣ ਤਾਂ ਕਈ ਅਰਸਿਆਂ ਦੇ ਛੱਡ ਕੇ ਗਏ ਹੋਏ ਨੇ,
ਕਿੰਝ ਭੁੱਲਜਾ ਦੱਸ ਖਾਂ?
ਤੇਰੇ ਦਿੱਤੇ ਗਲਾਸ, ਕਲਮ, ਫੁਲਕਾਰੀ ਤੇ ਬਿਸਕੁਟ ਅੱਜ ਵੀ ਉਹ ਸੰਦੂਖਾਂ 'ਚ ਪਏ ਹੋਏ ਨੇ,
ਨਾ ਦੱਸਿਆ ਕੱਦ ਮੁੜਣਾ ਤੇ ਨਾ ਹੀ ਦਿੱਤਾ ਕੋਈ ਸਿਰਨਾਵਾਂ ਸੱਜਣਾ
ਤੇਰੇ ਅੱਧ-ਅਧੂਰੇ ਸਾਥ ਹੀ ਮੈਨੂੰ ਲਾਰਿਆਂ ਚ ਖੜ੍ਹਾ ਕਰਕੇ ਗਏ ਹੋਏ ਨੇ,
ਮੈਨੂੰ ਲੱਗਦਾ ਉਨ੍ਹਾਂ ਨੇ ਮੁੜ ਆਉਂਣੇ
ਮੈਂ ਆਸਾਂ ਦਾ ਦੀਵਾ ਬੁਝਣ ਨੀ ਦੇਣਾ,
ਪਰ ਕੀ ਕਰਾਂ ਇੱਕ ਪਾਸੇ ਸੱਜਣ ਹਮੇਸ਼ਾ ਲਈ ਛੱਡਕੇ ਜਾਣ ਦੇ ਡਰਾਵੇ ਤੇ ਦਾਅਵੇ ਦੋਵੇ ਕਰਕੇ ਗਏ ਹੋਏ ਨੇ।

ਈਸ਼ਾ ਲਿਖ਼ਾਰੀ

# "ਸ਼ਾਮ"

ਮੁੜ ਆਉਨੀ ਕਹਿੰਦੀ ਸੀ ਉਹ ਜਾਣ ਲੱਗੀ
ਕਈ ਸ਼ਾਮਾ ਲੱਗੀਆਂ ਉਹਦੀ ਓਹ ਸ਼ਾਮ ਨੀ ਲੱਗੀ,

ਅੱਜ ਤੋਂ ਮੈਂ ਵਿਹਲੀ ਆ ਬੈਠੀ ਉਹ ਮੈਨੂੰ ਦੱਸਣ ਆਈ
ਕਈ ਸ਼ਾਮਾਂ ਆਈਆਂ ਉਹਦੀ ਓਹ ਸ਼ਾਮ ਨੀ ਆਈ,

ਮੈਂ ਮਿਲਣ ਆਉ ਤੈਨੂੰ ਤੂੰ ਸਮੇਂ ਸਿਰ ਮੇਰੇ ਮੱਥੇ ਲੱਗੀ
ਕਈ ਸ਼ਾਮਾ ਲੰਘੀਆਂ ਉਹਦੀ ਓਹ ਸ਼ਾਮ ਨੀ ਲੰਘੀ,

ਓਹਦੇ ਪਿਆਰ 'ਚ ਮੈਂ ਜਿਸਮੋ ਲੈਕੇ ਰੂਹ ਤੱਕ ਰੰਗ ਚੁੱਕਿਆ ਹਾਂ,
ਕਈ ਸ਼ਾਮਾਂ ਰੰਗੀਆ ਉਹਦੀ ਓਹ ਸ਼ਾਮ ਨੀ ਰੰਗੀ ।

ਈਸ਼ਾ ਲਿਖ਼ਾਰੀ

# "ਆਕੜ ਵੀ ਭੰਨ ਕੇ"

ਜਿਹੜੇ ਤੈਨੂੰ ਮੈਨੂੰ ਦੂਰ ਕਰਨਾ ਚਾਹੁੰਦੇ ਸੀ
ਮੈਂ ਮੂੰਹ ਉਹਨਾਂ ਦੇ ਭੰਨ ਕੇ ਆਇਆ,
ਜਿਹੜੇ ਤੇਰੇ ਮੂੰਹ ਤੇ ਤੇਰੇ ਮੇਰੇ ਮੂੰਹ ਤੇ ਮੇਰੇ ਬਣਦੇ ਸੀ

ਮੈਂ ਦੋਗਲਾਪਨ ਉਹਨਾਂ ਦਾ ਭੰਨ ਕੇ ਆਇਆ ,
ਜਿਹੜੇ ਫਿਰਦੇ ਸੀ ਤੈਨੂੰ ਮੈਨੂੰ ਦੂਰ ਕਰਨ ਨੂੰ

ਮੈਂ ਚਲਾਕੀਆਂ ਉਹਨਾਂ ਦੀਆਂ ਭੰਨ ਕੇ ਆਇਆ,
ਜਿਹੜੇ ਦੱਸਦੇ ਸੀ ਤੈਨੂੰ ਮੇਰੇ ਬਾਰੇ ਮਾੜਾ
ਮੈਂ ਰੰਜਿਸ਼ਾਂ ਉਹਨਾਂ ਦੀਆਂ ਭੰਨ ਕੇ ਆਇਆ,

ਭੰਨ ਆਇਆ ਮੈਂ ਉਹ ਸਭ ਕੁਝ ਜੋ ਤੈਨੂੰ ਮੇਰੇ ਤੋਂ ਦੂਰ ਕਰੇ
ਕਈਆਂ ਨੂੰ ਲੱਗਾ ਨਈ ਨਿੱਭਣੀ ਸਾਡੀ
ਪਰ ਮੈਂ ਆਕੜ ਵੀ ਉਹਨਾਂ ਦੀ ਭੰਨ ਕੇ ਆਇਆ,
ਆਕੜ ਵੀ ਉਹਨਾਂ ਦੀ ਭੰਨ ਕੇ ਆਇਆ।

ਈਸ਼ਾ ਲਿਖ਼ਾਰੀ

# "ਰਾਧਾ ਰਾਣੀ"

ਮੈਨੂੰ ਨੀ ਚਾਹੀਦੀ ਦੌਲਤ ਦੁਨੀਆਂ ਦੀ
ਉਹਦੇ ਪੈਰਾਂ ਵਿੱਚ ਸ਼ੋਹਰਤ ਵੇਖੀ ਮੈਂ,

ਮੈਨੂੰ ਨੀ ਲੋੜ ਮਹਿਕਾਂ, ਇਤਰਾਂ ਦੀ
ਉਹਦੇ ਹੱਥਾਂ 'ਚ ਗੁਲਾਬ ਦੀ ਕਲੀ ਖਿਲਦੀ ਵੇਖੀ ਮੈਂ,

ਲੱਖ ਸੋਹਣਾ ਹੋਣਾ ਕਸ਼ਮੀਰ ਭਾਰਤ ਦੇਸ਼ ਦਾ
ਪਰ ਉਹਦੀ ਅੱਖਾਂ ਵਿੱਚ ਕੁਦਰਤ ਨਿਮਾਣੀ ਵੇਖੀ ਮੈਂ,

ਜਹਾਨ ਨੂੰ ਫੱਬਦੇ ਡਾਢੇ ਰੰਗ ਵੰਨ-ਸੁਵੰਨੇ
ਉਹਦੇ ਬੋਲਾਂ ਵਿਚ ਸਤਰੰਗੀ ਭੀਂਘ ਵੇਖੀ ਮੈਂ,

ਕਹਿਰ ਢਾਵੇਂ ਬੱਦਲਾ ਦੀ ਲਾਲੀ
ਪਰ ਉਹਦੇ ਬੁੱਲ੍ਹਾਂ ਦੀ ਲਾਲੀ ਪੂਰੇ ਜੋਬਨ ਤੇ ਵੇਖੀ ਮੈਂ,

ਪੱਥਰਾਂ, ਮੂਰਤੀਆਂ ਤੇ ਤਸਵੀਰਾਂ ਵਿੱਚ ਲੋਕਾਂ ਦਾ ਰੱਬ ਵੱਸਦਾ ਹੋਣਾ
ਪਰ ਉਹਦੇ ਜਿਹੀ ਹਸਰਤ ਵਿੱਚ ਰਾਧਾ ਰਾਣੀ ਵੇਖੀ ਮੈਂ
ਸੱਚੀਓ ਰਾਧਾ ਰਾਣੀ ਵੇਖੀ ਮੈਂ।

ਈਸ਼ਾ ਲਿਖ਼ਾਰੀ

# "ਮਰਨ ਦਾ ਵੇਲਾ"

ਤੂੰ ਉਚੀ ਉਡਾਰੀ ਮਾਰ ਲੀ
ਤੈਨੂੰ ਗੋਰੀਆਂ-ਕਾਲੀਆਂ ਨੇ ਘੇਰਾ ਪਾਇਆ ਏ,
ਮੈਂ ਵਿੱਚ ਖਲੋਕੇ ਉਡੀਕਾਂ 'ਚ
ਮੈਨੂੰ ਦਰਦ ਜੁਦਾਈਆਂ ਨੇ ਘੇਰਾ ਪਾਇਆ ਏ,

ਤੂੰ ਛੇ ਸ਼ਿਫਟਾਂ ਲਾਕੇ ਦਿਨ ਸੱਤਵੇਂ 'ਚ
ਬੈਂਕਓਵਰ 'ਚ ਗੇੜਾ ਲਾਇਆ ਏ,
ਮੈਂ ਰੋਂਦੀ-ਕੁਰਲਾਉਂਦੀ ਆਉਂਦੀ-ਜਾਉਂਦੀ
ਵਿਛੜਣ ਵਾਲੀਆਂ ਮਸੀਤਾਂ ਤੇ ਗੇੜਾ ਲਾਇਆ
ਏ

ਤੈਨੂੰ ਭੁੱਲ ਗਏ ਇਸ਼ਕ-ਏ-ਇਜ਼ਹਾਰ
ਤੂੰ ਡਾਲਰਾਂ ਤੇ ਜ਼ੋਰ ਬਥੇਰਾ ਲਾਇਆ ਏ,
ਤੂੰ ਚੁੱਕਦਾ ਨੀ ਨਖਰੇ ਅੱਜ ਕੱਲ ਮੇਰੇ
ਮੈਂ ਤੈਨੂੰ ਫੋਨ ਵੀ ਬਥੇਰਾ ਲਾਇਆ ਏ,

ਤੇਰੀ ਦੂਰੀ ਸੱਤ-ਸਮੁੰਦਰਾਂ ਦੀ
ਤੂੰ ਕਸ਼ਤੀ ਚ ਚਾਪੂ ਲਾਕੇ ਮੇਰੇ ਸੁਫਨਿਆਂ 'ਚ ਫੇਰਾ
ਪਾਇਆ ਏ,
ਮੈਂ ਵੀ ਪਾਉਂਦੀ ਤੰਦ ਚਰਖ਼ੇ ਨੂੰ
ਮਲੋ-ਮਲੀ ਓਸੀਆਂ 'ਚ ਫੇਰਾ ਪਾਇਆ ਏ,

ਦੇਖ ਖਾਂ! ਕਿੰਨਿਆਂ ਸਦੀਆਂ ਹੋਗੀਆਂ ਮਿਲਿਆਂ ਨੂੰ
ਵਾਪਸ ਆਜਾ ਰਾਤ ਹੋਣ ਦਾ ਵੇਲਾ ਆਇਆ ਏ,
ਤੇਰੇ ਆਉਣ ਤੱਕ ਖੌਰੇ ਮੈਂ ਨਾ ਰਹਾਂ
ਕਿਉਂਕਿ ਮੇਰਾ ਮਰਨ ਦਾ ਵੇਲਾ ਆਇਆ ਏ।

ਈਸ਼ਾ ਲਿਖ਼ਾਰੀ

# ਕੀ ਚਾਉਂਦੀ ਏ ..?

ਪਿਆਰ ਕਰਦੀ ਏ ਜਾਂ ਨਫ਼ਰਤ ਕਰਨਾ ਚਾਉਂਦੀ ਏ,
ਸਾਖ ਦਿੰਦੀ ਏ ਜਾਂ ਹੱਥ ਛੱਡਣਾ ਚਾਉਂਦੀ ਏ,
ਵਫਾ ਕਰਦੀ ਏ ਜਾਂ ਨਫ਼ਾ ਕਮਾਉਣਾ ਚਾਉਂਦੀ ਏ,
ਫੱਟ ਸੀਉਂਦੀ ਏ ਜਾਂ ਸੱਟ ਦੇਣਾ ਚਾਉਂਦੀ ਏ,
ਤੂੰ ਦੱਸ ਦੇ ਮੈਨੂੰ ਮੁੜ ਕੇ ਆਉਣਾ ਜਾਂ ਅਰਸੇ ਉਡੀਕਾਂ 'ਚ ਕੱਟਵਾਉਣਾ ਚਾਉਂਦੀ ਏ,
ਆਹ ਨੈਣਾਂ ਨਾਲ ਨੈਣ-ਮਟੱਕੇ ਕਰਦੀ ਏ ਜਾਂ ਅੱਖਾਂ ਦੇ ਇਸ਼ਾਰਿਆਂ ਨਾਲ ਕਾਲੇ ਇਲਮ ਕਰਨਾ ਚਾਉਂਦੀ ਏ,
ਇਹ ਵੀ ਦੱਸ ਅਸਲ ਵਿਚ ਨਾਲ ਹੈ ਜਾਂ ਲੰਮੀਆਂ ਜੁਦਾਈਆਂ ਦੇਣਾ ਚਾਉਂਦੀ ਏ,
ਮੈਂ ਨਿੱਤ-ਨਵੇਂ ਰੋਜ਼ ਹੰਝੂਆਂ ਦਾ ਦੀਵਾ ਬਾਲਾ ਜਾਂ ਸਬਰਾਂ ਸੋਚ ਕੇ ਬੇਪਰਵਾਈਆਂ ਦੇਣਾ ਚਾਉਂਦੀ ਏ,
ਸਾਡੇ ਅਲਫਾਜ਼ਾਂ ਨੂੰ ਪੜ੍ਹ ਕੇ ਅੱਖਾਂ ਭਰਦੀ ਏ ਜਾਂ ਸੱਭੋ ਨਿਸ਼ਾਨੀਆਂ ਮੋੜਣਾ ਚਾਉਂਦੀ ਏ,
ਬਿਨਾਂ ਗਲਤੀ ਦੀ ਸਜ਼ਾ ਦੇਕੇ ਖੁਸ਼ ਰਹਿੰਦੀ ਏ ਜਾਂ ਖਾਸ ਮਹਿਸੂਸ ਕਰਾਏ ਨੂੰ ਹੱਥਾਂ ਦੀਆਂ ਚੀਸਾਂ ਨਾਲ ਅੱਖਾਂ 'ਚ ਦਬਾਉਣਾ ਚਾਉਂਦੀ ਏ।

ਈਸ਼ਾ ਲਿਖਾਰੀ

# "ਹਿੱਕ ਤੇ ਦੀਵਾ"

ਕਦੇ ਕਿੱਸੇ ਦੀ ਹਿੱਕ ਤੇ ਦੀਵਾ ਨੀ ਬਾਲਿਆ
ਪਰ ਮੈਂ ਆਪਣੇ ਹੀ ਕਾਲਜੇ ਤੇ ਮੋਮ ਪਿਘਲਦਾ ਦੇਖਿਆ ਏ।

ਉਹ ਚੜ੍ਹੇ ਪੋਹ ਦੇ ਮਹੀਨੇ ਸਾਨੂੰ ਵਿਛੋੜਿਆਂ 'ਚ ਕੰਬਾ ਗਏ
ਪਰ ਤੇਰਾ ਜਖ਼ਮ ਅਸੀ ਜੇਠ ਦੀ ਧੁੱਪੇ ਅੱਗ 'ਚ ਸਿਕਿਆ ਏ,
ਬੜੇ ਚੱਲੇ ਖ਼ੰਜ਼ਰ, ਚਾਕੂ, ਚਾਬੁਕ ਸਾਡੇ ਦਿਲ ਉੱਤੇ
ਪਰ ਅਸੀਂ ਵੀ ਚੇਲੇ ਤੇਰੇ ਸੱਜਣਾ ਤੇਰੇ ਹੀ ਦਰ ਤੇ ਹਰ ਬਾਰ ਮੱਥਾ ਟਿਕਿਆ ਏ,
ਇੰਨੀ ਵੀ ਖਰਾਬ ਨਹੀਂ ਸੀ ਕਿਸਮਤ ਸਾਡੀ ਜੋ ਤੈਨੂੰ ਪਾ ਨਈ ਸਕਦੇ ਸੀ
ਪਰ ਤੇਰੇ ਹੀ ਕਰਕੇ ਸਾਡਾ ਸਿਰਨਾਵਾਂ ਅੱਜ ਇਸ਼ਕ, ਮੁਹੱਬਤਾਂ ਚੋਂ ਮਿਟਿਆ ਏ,
ਜੀਅ ਕਰਦਾ ਮੈਂ ਅੱਗ ਲਾ ਕੇ ਫੂਕਲਾ ਆਪਣਾ ਚਾਮ
ਪਰ ਫਿਰ ਯਾਦ ਆਉਂਦਾ ਮੈਂ ਮੇਰੇ ਰੋਮ-ਰੋਮ ਚੋਂ ਸਦਾ ਤੇਰਾ ਹੀ ਪਰਛਾਵਾਂ ਵੇਖਿਆ ਏ,

ਕਦੇ ਕਿੱਸੇ ਦੀ ਹਿੱਕ ਤੇ ਦੀਵਾ ਨੀ ਬਾਲਿਆ
ਪਰ ਮੈਂ ਆਪਣੇ ਹੀ ਕਾਲਜੇ ਤੇ ਮੋਮ ਪਿਘਲਦਾ ਦੇਖਿਆ ਏ।

ਈਸ਼ਾ ਲਿਖ਼ਾਰੀ

# "ਇਲਜ਼ਾਮ"

ਮੇਰੇ ਸਿਰ ਇਲਜ਼ਾਮ ਮੜਣ ਦਾ ਉਹਦਾ ਕੋਈ ਅੰਦਾਜ਼ ਹੀ ਬਖਰਾ ਸੀ ਜ਼ਮਾਨੇ ਬੀਤ ਗਏ ਤੇ ਪਤਾ ਨੀ ਲੱਗਾ ਗਲਤ ਅਸੀ ਸੀ ਜਾਂ ਉਹ ਸੀ,

ਮੇਰੇ ਦਿਲ ਤੇ ਖ਼ੰਜ਼ਰ ਇਸ ਕਦਰ ਚੱਲਾਏ ਨੇ
ਕਈ ਦੌਰ ਬੀਤ ਗਏ ਤੇ ਪਤਾ ਨੀ ਲੱਗਾ ਫਰੇਵੀ ਅਸੀ ਸੀ ਜਾਂ ਉਹ ਸੀ,

ਮੇਰੇ ਹੱਥਾਂ ਤੇ ਸੁਫ਼ਨਿਆਂ ਦਾ ਕਤਲ ਇਸਰਾਂ ਥੋਪਿਆ
ਸਦੀਆਂ ਬੀਤ ਗਈਆਂ ਤੇ ਪਤਾ ਨੀ ਲੱਗਾ ਕਾਤਲ ਅਸੀ ਸੀ ਜਾਂ ਉਹ  ਸੀ,

ਮੇਰੇ ਪੈਰਾਂ ਨੂੰ ਦਿੱਤੇ ਛਾਲੇ ਉਹਨਾਂ ਇਵੇਂ
ਸਾਲ ਬੀਤ ਗਏ ਤੇ ਪਤਾ ਨੀ ਲੱਗਾ ਭੱਖਦੇ ਕੋਲੇ ਅਸੀ ਸੀ ਜਾਂ ਉਹ ਸੀ,

ਜ਼ਮਾਨੇ,ਦੌਰ,ਸਦੀਆਂ ਤੇ ਸਾਲ
ਜ਼ਮਾਨੇ,ਦੌਰ,ਸਦੀਆਂ ਤੇ ਸਾਲ

ਇਸ ਤਰ੍ਹਾਂ ਬੀਤ ਗਏ ਪਤਾ ਨੀ ਲੱਗਾ
ਕਿ ਬੁਜਦਿਲ,ਬੇ-ਰੁੱਖੇ ਤੇ ਬੇ-ਪਰਵਾਹ ਅਸੀ ਸੀ ਜਾਂ ਉਹ ਸੀ।

ਈਸ਼ਾ ਲਿਖ਼ਾਰੀ

# "ਉਹ ਕਹਿੰਦਾ"

ਉਹ ਕਹਿੰਦਾ ਮੈਨੂੰ ਨੀ ਪਿਆਰ ਤੇਰੇ ਨਾਲ ਰਿਹਾ
ਮੈਂ ਕਿਹਾ ਫਿਰ ਮੈਨੂੰ ਭੁੱਲਾ ਕੇ ਦੱਸੇ ਤਾਂ ਮੰਨਾਂ,

ਉਹ ਕਹਿੰਦਾ ਮੈਨੂੰ ਨੀ ਫ਼ਿਕਰ ਤੇਰੇ ਹਾਲ ਦਾ
ਮੈਂ ਕਿਹਾ ਆਪਣੇ ਹੱਥੀ ਮੇਰੀ ਚਿੱਤਾ ਬਾਲ ਕੇ ਦੱਸੇ ਤਾਂ ਮੰਨਾਂ,

ਉਹ ਕਹਿੰਦਾ ਮੈਨੂੰ ਨੀ ਇਤਬਾਰ ਤੇਰੇ ਇਕਰਾਰ ਦਾ
ਮੈਂ ਕਿਹਾ ਤੇਰੇ ਦਿੱਤੇ ਜਖ਼ਮਾਂ ਨੂੰ ਤੂੰ ਖੁੱਦ ਖੁਰੇਦ ਕੇ ਦੱਸੇ ਤਾਂ ਮੰਨਾਂ,

ਉਹ ਕਹਿੰਦਾ ਇਹਨਾਂ ਵੀ ਗੂੜਾ ਰਿਸ਼ਤਾ ਨੀ ਤੇਰੇ ਨਾਲ
ਮੈਂ ਕਿਹਾ ਤੇਰੇ ਅੱਠਾਂ ਅੱਖਰਾਂ ਵਿੱਚ ਆਉਂਦੇ ਮੇਰੇ ਨਾਮ ਦੇ ਚਾਰੋ ਅੱਖਰ ਉਨ੍ਹਾਂ ਨੂੰ
ਮਿੱਟਾ ਕੇ ਦੱਸੇ ਤਾਂ ਮੰਨਾਂ,

ਉਹ ਕਹਿੰਦਾ ਮੈਨੂੰ ਨੀ ਪਿਆਰ ਤੇਰੇ ਨਾਲ ਰਿਹਾ
ਮੈਂ ਕਿਹਾ ਫਿਰ ਮੈਨੂੰ ਭੁੱਲਾ ਕੇ ਦੱਸੇ ਤਾਂ ਮੰਨਾਂ।

ਈਸ਼ਾ ਲਿਖ਼ਾਰੀ

# "ਵਿਆਹ-1”

ਮੈਂ ਸਜਾ ਲਈ ਕਲਗੀ ਮੱਥੇ ਉੱਤੇ
ਤੂੰ ਦੱਸ ਗੋਰੀ ਵੀਣੀ 'ਚ ਲਾਲ ਸੂਹਾ ਚੂੜਾ ਸਜਾਉਣਾ ਚਾਹੁੰਦੀ ਏ,
ਮੈਂ ਖਰੀਦ ਲਈ ਹੱਟੀ ਤੋਂ ਗਰਗਾਬੀ
ਤੂੰ ਦੱਸ ਗੋਰੀ ਅੱਡੀ ਤੇ ਚਿੱਟੀ ਚਮਕਦੀ ਪੰਜੇਬ ਸਜਾਉਣਾ ਚਾਹੁੰਦੀ ਏ,
ਮੈਂ ਕਰ ਲਈਆਂ ਇੱਕਠੀਆਂ ਭਾਬੀਆਂ ਸਾਰੀਆ ਸੁਰਮਾ ਪਾਉਣ ਨੂੰ
ਤੂੰ ਦੱਸ ਆਪਣੇ ਵੀਰਾਂ ਨਾਲ ਸੀਰ ਤੇ ਫੁੱਲਾਂ ਵਾਲੀ ਮੰਜੀ ਸਜਾਉਣਾ ਚਾਹੁੰਦੀ ਏ,
ਮੈਂ ਚੜ੍ਹਾ ਲਈ ਹਲਦੀ ਬਟਨੇ ਸਮੇਤ ਮੇਰੇ ਚਾਮ ਉੱਤੇ
ਤੂੰ ਦੱਸ ਗੋਰੀ ਹਥੇਲੀ ਉੱਤੇ ਹਰੀ ਮਹਿੰਦੀ ਸਜਾਉਣਾ ਚਾਹੁੰਦੀ ਏ,
ਮੈਂ ਮੜ੍ਹਾ ਲਿਆ ਸੁਹਾਗ ਦਾ ਨਿਸ਼ਾਨ ਮੰਗਲਸੂਤਰ
ਤੂੰ ਦੱਸ ਲਾਵਾਂ ਵਾਲੀ ਮੁੰਦਰੀ ਮੇਰੀ ਉਂਗਲ ਤੇ ਸਜਾਉਣਾ ਚਾਹੁੰਦੀ ਏ,
ਮੈਂ ਪੀ ਆਇਆ ਦੁੱਧ ਦਾ ਛੰਨਾ ਮਾਂ ਕੋਲੋਂ
ਤੂੰ ਦੱਸ ਬੂਹੇ ਤੱਕ ਆਉਣ ਲਈ ਮਾਮਿਆਂ ਦੀ ਗੋਦ ਸਜਾਉਣਾ ਚਾਹੁੰਦੀ ਏ,
ਮੈਂ ਲੈ ਲਵਾਂਗਾ ਚਾਰ ਫੇਰੇ ਤੇਰਾ ਪੱਲ੍ਹਾ ਫੜਕੇ
ਤੂੰ ਦੱਸ ਫੁੱਲਾਂ ਵਾਲੀ ਕਾਰ ਤੇ ਆਪਣੇ ਮੋਤੀਆਂ ਵਰਗੇ ਹੰਝੂ ਸਜਾਉਣਾ ਚਾਹੁੰਦੀ ਏ,
ਮੈਂ ਕਰ ਲਿਆ ਸਾਰਾ ਇੰਤਜ਼ਾਮ ਤੈਨੂੰ ਵਿਆਹ ਦੇ ਪਾਣੀ ਵਰਾਉਂਣ ਦਾ
ਤੂੰ ਦੱਸ ਭਰੀ ਪਰਾਤ 'ਚੋਂ ਗੁਣੇ ਚੁੱਕ ਕੇ ਮੇਰੇ ਹੱਥਾਂ ਤੇ ਸਜਾਉਣਾ ਚਾਹੁੰਦੀ ਏ,

ਕੁੱਲ ਮਿਲਾ ਕੇ ਮੈਂ ਪੁੱਛਣਾ ਚਾਹੁੰਦਾ
ਕਿ ਤੂੰ ਮੇਰੇ ਨਾਲ ਵਿਆਹ ਕਰਾਉਣ ਚਾਹੁੰਦੀ ਏ ?

ਈਸ਼ਾ ਨਿਖਾਰੀ

# "ਚੂੜੀਆਂ"

ਸੁਹਾਗ ਦੀ ਨਿਸ਼ਾਨੀ ਇੱਕ ਚੂੜੀ ਸੁਣੀ ਹੋਣੀ ਏ
ਸੁਹਾਗ ਦੀ ਨਿਸ਼ਾਨੀ ਇੱਕ ਚੂੜੀ ਸੁਣੀ ਹੋਣੀ ਏ,

ਮੈਨੂੰ ਤਾਂ ਲੱਗਦੀ ਛਣ-ਛਣ ਪਿਆਰੀ ਬੜੀ
ਪਰ ਜੇ ਉਹਦੇ ਹੱਥਾਂ ਵਿੱਚ ਹੋਵੇ ਤਾਂ ਨਿਆਰੀ ਬੜੀ
ਹੋਵੇ ਜੇ ਉਹ ਲਾਲ ਸੂਹੇ ਰੰਗ ਦੀ ਤਾਂ ਕਾਲਜਾ ਪੱਟਦੀ ਜਾਂਦੀ ਏ
ਸ਼ਿੰਗਾਰ ਦੀਆਂ ਚੀਜਾਂ ਦੀ ਉਹਨੂੰ ਬਹੁਤੀ ਸਾਂਭ ਨਈ
ਤਾਹੀਂਓ ਚੂੜੀਆਂ ਭੰਨਦੀ ਜਾਂਦੀ ਏ
ਉਹ ਕਿੱਥੇ ਕਿਸੇ ਨੂੰ ਮਿਲੇ ਤਾਂ ਸਮਝਾਇਓ
ਨਿਸ਼ਾਨੀਆਂ ਸੁਹਾਗ ਦੀਆਂ ਡਸਟਬਿਨ 'ਚ ਉਹ ਸੁੱਟਕੇ ਜਾਂਦੀ ਏ
ਉਂਝ ਤਾਂ ਉਹ ਸਮਝਦਾਰ ਏ ਪਰ ਪਤਾ ਨਹੀਂ ਕਿਉਂ
ਮੈਨੂੰ ਬੇ-ਪਰਵਾਹ ਜਿਹੀ ਲੱਗਦੀ ਜਾਂਦੀ ਏ
ਸ਼ਿੰਗਾਰ ਦੀਆਂ ਚੀਜਾਂ ਦੀ ਉਹਨੂੰ ਬਹੁਤੀ ਸਾਂਭ ਨਈ

ਤਾਹੀਂਓ ਚੂੜੀਆਂ ਭੰਨਦੀ ਜਾਂਦੀ ਏ
ਤਾਹੀਂਓ ਚੂੜੀਆਂ ਭੰਨਦੀ ਜਾਂਦੀ ਏ।

ਈਸ਼ਾ ਲਿਖ਼ਾਰੀ

# "ਪਿਆਰ"

ਪਿਆਰ ਵਿਚ ਕੀ-ਕੀ ਹੁੰਦਾ ਮੈਨੂੰ ਪੁੱਛਿਆ ਸੀ ਉਹਨੇ
ਮੈਂ ਵੀ ਕਿਹਾ ਬੜੇ ਮਾਣ ਨਾਲ
ਪਿਆਰ ਚ ਸਿਰਫ਼ ਪਿਆਰ ਹੀ ਹੁੰਦਾ ਨਾ ਹੁੰਦਾ ਕੁੱਝ ਹੋਰ ਸੋਹਣਿਆ,

ਕਹਿੰਦਾ ਪਿਆਰ ਚ ਲੜਾਈ ਵੀ ਹੁੰਦੀ ਵਿਸ਼ਵਾਸ ਵੀ
ਤੂੰ ਕਿਉਂ ਨੀ ਫਰਮਾਉਂਦੀ ਮੈਂ ਕਿਹਾ ਹਾਂ ਉਹ ਵੀ ਹੁੰਦਾ
ਪਰ ਹੁੰਦਾ ਉਹ ਸਭ ਰਿਸ਼ਤਿਆਂ ਵਿੱਚ ਸੋਹਣਿਆ,

ਕਹਿੰਦਾ ਪਿਆਰ 'ਚ ਹਜ਼ੂਰੀ ਵੀ ਹੁੰਦੀ ਮਗ਼ਰੂਰੀ ਵੀ ਹੁੰਦੀ
ਤੂੰ ਉਹ ਕਿਉ ਨੀ ਕਹਿੰਦੀ ਮੈਂ ਕਿਹਾ ਹਾਂ ਉਹ ਵੀ ਹੁੰਦਾ
ਪਰ ਉਹ ਤੇ ਹੁੰਦਾ ਜ਼ੁਬਾਨਾਂ ਵਿਚ ਸੋਹਣਿਆ,

ਕਹਿੰਦਾ ਪਿਆਰ ਵਿੱਚ ਫ਼ਿਕਰ ਵੀ ਹੁੰਦਾ ਤੇ ਹੁੰਦਾ ਜ਼ਿਕਰ ਵੀ
ਮੈਂ ਕਿਹਾ ਹਾਂ ਹੁੰਦਾ ਪਰ ਉਹ ਤੇ ਹੁੰਦਾ ਦਿਲਾਂ ਵਿੱਚ ਸੋਹਣਿਆ,

ਕਹਿੰਦਾ ਤੂੰ ਸੂਲੀ ਨਾ ਚੱੜ ਬੈਠੀ ਮੇਰੀ ਇਕ ਬਾਤ ਸੁਣਕੇ
ਮੈਂ ਕਿਹਾ ਤੂੰ ਬੋਲ ਤੇਰਾ ਬੋਲਣਾ ਹੀ ਦਿੰਦਾ ਦਿਲ ਨੂੰ ਸਕੂਨ ਸੋਹਣਿਆ,

ਕਹਿੰਦਾ ਸਕੂਨ ਤੇਰਾ ਲੈ ਚੱਲਾ ਮੈਂ ਰੋਣੇ ਤੈਨੂੰ ਦੇ ਚੱਲਾ ਮੈਂ
ਮੇਰੇ ਘਰਦਿਆਂ ਨੇ ਹਾਥੀ ਰਚਾਇਆ ਵਿਆਹ ਕਿਸੇ ਹੋਰ ਨਾਲ ਮੇਰਾ ਮੈਨੂੰ ਮਾਫ
ਕਰੀ ਰੂਹ ਮੇਰੇ ਦੇ ਹਾਣਦਿਆਂ,

ਪੈਰਾ ਥੱਲਿਓ ਨਿਕਲ ਗਈਆਂ ਮੇਰੇ ਜ਼ਮੀਨਾਂ ਰਾਹਾਂ ਦੀਆਂ
ਉਹ ਮੈਨੂੰ ਬਾਰੋ-ਬਾਰ ਆਖੀ ਜਾਵੇ ਤੂੰ ਬੋਲਦੀ ਨੀ ਕੁੱਝ ਯਾਰ ਕੁੱਝ ਤੇ ਬੋਲ ਜ਼ਮੀਨ
ਤੇ ਡਿੱਗ ਕੇ ਮੈਨੂੰ ਫਿਰ ਚੇਤੇ ਆਇਆ
ਤੇ ਮੈਂ ਆਖੀਰੀ ਸਾਹ ਨਾਲ ਕਿਹਾ :

"ਪਿਆਰ 'ਚ ਸਿਰਫ਼ ਪਿਆਰ ਹੀ ਹੁੰਦਾ
ਵਿਆਹ ਥੋੜ੍ਹੀ ਹੁੰਦਾ ਸੋਹਣਿਆ
ਵਿਆਹ ਥੋੜ੍ਹੀ ਹੁੰਦਾ ਸੋਹਣਿਆ।"

ਈਸ਼ਾ ਲਿਖ਼ਾਰੀ

# "ਸਣੇ ਦਾਗ਼"

ਮੈਨੂੰ ਸਰਦਾਰ ਪੰਸਦ ਸੀ
ਤੇ ਉਹ ਮੇਰੇ ਲਈ ਪੱਗ ਬਨਣ ਨੂੰ ਵੀ ਤਿਆਰ ਸੀ,

ਅੱਜ ਤੱਕ ਫਰਮਾਇਆ ਨਹੀ
ਹਾਂ ਮੈਨੂੰ ਵੀ ਤੇਰੇ ਨਾਲ ਪਿਆਰ ਸੀ,

ਮੰਨਦੀ ਆ ਕਿ ਲੱਗੀਆਂ ਨਹੀ ਨਿਭਾ ਸਕੀ
ਪਰ ਮਜਬੂਰ ਵੀ ਮੈਂ ਜਰੂਰ ਸੀ,

ਅੱਜੇ ਵੀ ਮਾਣ ਏ ਸੱਜਣਾ ਤੇ
ਕਿ ਉਹਨੂੰ ਸਣੇ ਦਾਗ਼ ਵੀ ਮੈਂ ਮੰਜ਼ੂਰ ਸੀ।

ਈਸ਼ਾ ਲਿਖ਼ਾਰੀ

# "ਉਹਦਾ ਕਹਿਣਾ"

ਉਹਦਾ 'ਟੈਂਸ਼ਨ' ਨਾ ਲਿਆ ਕਰ ਕਹਿਣਾ
ਮੇਰੀਆਂ ਸਾਰੀਆਂ ਟੈਂਸ਼ਨਾ ਮੁਕਾ ਦਿੰਦਾ ਏ,
ਉਹਦਾ 'ਦੁੱਖੀ ਨਾ ਹੋਇਆ ਕਰ' ਕਹਿਣਾ
ਮੇਰੇ ਸਾਰੇ ਦੁੱਖ ਮੁਕਾ ਦਿੰਦਾ ਏ,
ਉਹਦਾ 'ਹੌਂਕੇ ਨਾ ਭਰਿਆ ਕਰ' ਕਹਿਣਾ
ਮੇਰੇ ਸਾਰੇ ਹੌਂਕੇ ਮੁਕਾ ਦਿੰਦਾ ਏ,
ਉਹਦਾ 'ਹੰਝੂ ਨਾ ਭਰਿਆ ਕਰ' ਕਹਿਣਾ
ਮੇਰੇ ਸਾਰੇ ਹੰਝੂ ਮੁਕਾ ਦਿੰਦਾ ਏ,
ਉਹਦਾ 'ਹੱਸਦੀ ਰਿਹਾ ਕਰ' ਕਹਿਣਾ
ਮੇਰੇ ਸਾਰੇ ਰੋਣੇ ਮੁਕਾ ਦਿੰਦਾ ਏ,
ਉਹਦਾ 'ਸੋਹਣੀ' ਮੈਥੋਂ ਪੈਸੇ ਵਾਰ ਕੇ ਕਹਿਣਾ
ਮੇਰੀਆਂ ਸਾਰੀਆਂ ਬੁਰੀਆਂ ਨਜ਼ਰਾਂ ਮੁਕਾ ਦਿੰਦਾ ਏ,
ਮੈਂ ਚਾਹੇ ਲੱਖ ਬਾਰ ਰੁੱਸਾ ਪਰ ਉਹਦਾ 'ਜਾਨ' ਕਹਿਣਾ
ਮੇਰੇ ਸਾਰੇ ਇਲਮ ਮੁਕਾ ਦਿੰਦਾ ਏ,
ਉਹਦਾ 'ਹੌਂਸਲਾ ਰੱਖ' ਕਹਿਣਾ
ਮੇਰੇ ਸਾਰੇ ਡਰ ਮੁਕਾ ਦਿੰਦਾ ਏ,
ਉਹਦਾ 'ਮੈਨੂੰ ਯਾਦ ਰੱਖੀਂ' ਕਹਿਣਾ
ਮੇਰੀਆਂ ਸਾਰੀਆਂ ਸੂਰਤਾਂ ਭੁੱਲਾ ਦਿੰਦਾ ਏ,
ਉਹਦਾ ਮੈਨੂੰ 'ਸਕੂਨ' ਕਹਿਣਾ
ਮੇਰੇ ਲਈ ਸਾਰੀ ਦੁਨੀਆਂ ਮੁਕਾ ਦਿੰਦਾ ਏ,
ਉਹਦਾ ਟੈਂਸ਼ਨ ਨਾ ਲਿਆ ਕਰ ਕਹਿਣਾ
ਮੇਰੀਆਂ ਸਾਰੀਆਂ ਟੈਂਸ਼ਨਾ ਮੁਕਾ ਦਿੰਦਾ ਏ।

ਈਸ਼ਾ ਲਿਖ਼ਾਰੀ

# "ਜਿਸਮਫਰੋਸ਼ੀ"

ਤਾਹੀਓ ਮੈਂ ਸੋਚਾਂ ਮੈਨੂੰ ਨੱਚਣ ਦਾ ਏਨਾਂ ਚੱਜ ਕਿੱਥੋ ਇਹ ਤਾਂ ਹੁਣ ਪਤਾ ਲੱਗਾ ਕਿ ਓਹਨਾਂ ਕੋਲ ਤੇ ਨੱਚਾਉਣ ਦਾ ਹੁਨਰ ਹੀ ਬਹੁਤ ਵੱਡਾ ਸੀ,

ਖੈਰ ਅਸੀ ਤਾਂ ਠਹਿਰੇ ਨਚੇਰੇ ਪਰ ਉਹ ਹਸਤੀ ਕਠਪੁਤਲੀਆਂ ਨਚਾਉਣ ਦੇ ਬਾਦਸ਼ਾਹ ਸੀ,

ਮੇਰੇ ਜਿਹੀ ਦੀ ਡੋਰ ਖੌਰੇ ਉਸ ਤੋਂ ਸੰਭਾਲੀ ਨੀ ਗਈ ਤਾਹੀਓ ਭਟਕਾ ਕੇ ਮਹਿਫ਼ਿਲ 'ਚ ਉਹਨੇ ਲੋਕਾਂ ਮੋਹਰੇ ਬੇ-ਸਹਾਰਾ ਸੁੱਟੀ ਸੀ,

ਦਾਗ਼ ਇੱਕ ਨੀ ਦਾਗ਼ ਹਜ਼ਾਰਾ ਸਾਡੀ ਚਿੱਟੀ ਚਾਦਰ ਜਿਹੀ ਜ਼ਿੰਦਗੀ ਤੇ ਉਹਨੇ ਵੀ ਕੋਈ ਕਸਰ ਨਾ ਛੱਡੀ ਭਰੇ ਬਜ਼ਾਰ 'ਚ ਅਸ਼ਰਫ਼ੀਆਂ ਦੇ ਪਾਉ ਸਾਡੀ ਨੀਲਾਮੀ ਕੀਤੀ ਸੀ,

ਮੈਥੋ ਵੀ ਕੋਈ ਰਾਹ ਨਹੀ ਸੀ ਕੀ ਕਰਦੀ? ਉਹਦੀ ਰਜ਼ਾ ਵਿਚ ਰਾਜ਼ੀ ਹੋ ਗਈ ਕਿਉਂਕਿ ਉਹ ਜੱਚ ਦਾ ਸੀ ਮੇਰੀ ਰੂਹ ਨੂੰ...

ਮੈਂ ਤਾਹੀਓ ਮੁਹੱਬਤਾਂ ਪਾਈਆ ਉਸ ਨਾਲ ਨਹੀਂ ਤਾਂ ਜਿਸਮਫਰੋਸ਼ੀ ਦਾ ਕੀ ਹੈ ਉਹ ਤਾਂ ਉਸ ਨੇ ਕਟਪੁਤਲੀ ਬਣਾਕੇ ਨੈਣਾਂ ਦੇ ਧਾਗਿਆਂ ਨਾਲ ਹੀ ਆਪਣੇ ਨਾਮੇ ਕਰ ਲਈ ਸੀ।

ਈਸ਼ਾ ਲਿਖ਼ਾਰੀ

# "ਔਰਤ"

ਜੇ ਕੁੜੀ ਦਾ ਨਾਮ ਇਜਾਜ਼ਤ ਹੋਊ ਤਾਂ ਵੀ ਕੀ ਫਰਕ ਪੈ ਜਾਣਾ ਏ
ਜੇ ਕੁੜੀ ਦਾ ਨਾਮ ਇਜਾਜ਼ਤ ਹੋਊ ਤਾਂ ਵੀ ਕੀ ਫਰਕ ਪੈ ਜਾਣਾ ਏ।

ਜਦੋਂ ਮਾਰ ਦਿੰਦੇ ਕੁੱਖ ਵਿੱਚ ਹੀ ਨੈਸ਼ ਸਮਝਦ ਕੇ
ਸ਼ਾਇਦ ਓਦੋਂ ਚੇਤੇ ਆਉਂਦਾ ਹੋਊ ਮਾਂ ਨੂੰ
ਉਹ ਵੀ ਜੰਮੀ ਸੀ ਕਦੇ ਧੀ ਬਣਕੇ।

ਜਿਹਨਾਂ ਨੂੰ ਹੁੰਦਾ ਬਹੁਤਾ ਚਾਅ ਕੁੜੀਆਂ ਦਾ
ਉਹਨਾਂ ਨੂੰ ਕਿਉਂ ਨਈ ਬਖਸ਼ਦਾ ਰੱਬ
ਸਾਥ ਠੰਡੇ ਦੁੱਧ ਨੂੰ ਫੂਕਾਂ ਦਾ।

ਦੁਨੀਆਂ ਤੇ ਆਉਣ ਲਈ ਲੈਣੀ ਪੈਂਦੀ ਇਜਾਜ਼ਤ
ਤੇ ਦੁਨੀਆਂ ਉੱਤੇ ਸਾਰੇ ਕੰਮਾਂ ਲਈ ਪਿਉ ਦੀ ਮੰਜ਼ੂਰੀ ਲਾਜ਼ਮੀ ਏ
ਵਿਆਹ ਤੋਂ ਬਾਅਦ ਜਾਣਾ ਪੈਂਦਾ ਬੇਗ਼ਾਨੇ ਘਰ
ਉੱਥੇ ਜਾਕੇ ਵੀ ਹਮਸਫ਼ਰ ਦੀ ਮੰਨਣੀ ਜ਼ਰੂਰੀ ਏ।

ਜੇ ਹੋ ਜਾਵਣ ਸ਼ਾਦੀਆਂ ਮੰਨ-ਪਸੰਦ ਸ਼ਖ਼ਸ ਨਾਲ
ਤਾਂ ਉਹ ਕੁੜੀ ਦੁਨੀਆਂ-ਦਾਰੀ ਵਿੱਚ ਬੇ-ਅਕਲ ਤੇ ਬੇ-ਸ਼ਰਮ ਏ
ਹੋ ਜਾਵਣ ਸੰਯੋਗ ਮੰਨ ਦੇ ਖਿਲਾਫ਼
ਉੱਥੇ ਵੀ ਤਾਂ ਬਣ ਕੇ ਰਹਿਣਾ ਜਿਉਂਦੀ ਲਾਸ਼ ਹੀ ਏ।

ਕਿਉਂ ਸੁਣਦਾ ਨੀ ਪੁੱਤਰ ਮਾਂ ਦੀ
ਉਹਨੂੰ ਵੀ ਸਾਥ ਚਾਹੀਦਾ ਪੁੱਤਾਂ ਦਾ
ਆਖੀਰ 'ਚ ਜਦੋਂ ਧੱਕੇ ਮਾਰ ਕੇ ਬਾਹਰ ਕੱਢ ਦਿੰਦੇ
ਤਾਂ ਵੀ ਸਾਂਭ ਦੀਆਂ ਧੀਆਂ ਲਾਡਲੀਆਂ ਹੱਥ ਮਾਂਵਾਂ ਦਾ।

ਈਸ਼ਾ ਲਿਖ਼ਾਰੀ

ਵਿਆਹੀਆਂ ਕੁੜੀਆਂ ਤੇ ਜੋ ਜ਼ੁਲਮ ਹੁੰਦੇ
ਕੌਣ ਨਿਤਾਰਾ ਕਰੂ ਉਹਨਾਂ ਦਾ ਇਸ ਜੱਗ ਤੇ
ਜਿਉਂਦੀਆਂ ਨੂੰ ਹੀ ਅੱਗ ਲਾ ਦਿੰਦੇ
ਕਿੱਥੇ ਮਾਰ ਦਿੰਦੇ ਜ਼ਹਿਰ ਦੇਕੇ।

ਅੱਜ ਕੱਲ ਕਾਨੂੰਨ ਬੜੇ ਸਖਤ ਹੋ ਗਏ
ਬਚਣਾ ਚਾਹੇ ਹਰ ਕੋਈ ਸੱਜਾਵਾਂ ਤੋਂ
ਜਮਾਨਾ ਚਾਹੇ ਜਿਹਨਾਂ ਮਰਜ਼ੀ ਅੱਗੇ ਵੱਧ ਜਾਵੇ
ਪਰ ਧੀ ਨੂੰ ਅੰਦਰੋਂ-ਅੰਦਰ ਮਜ਼ਬੂਰ ਕਰ ਦਿੰਦਾ ਘਟੋ-ਘਟੋ ਕੇ ਮਰਨ ਤੋਂ।

ਹਰ ਰੋਜ਼ ਲੱਖ ਹੱਤਿਆ ਹੁੰਦੀ ਉਹਦੇ ਵਿੱਚ ਹੁੰਦੀ
ਕਿਸੇ ਦੀ ਮਾਸ਼ੂਕਾ, ਧੀ, ਭੈਣ, ਪਤਨੀ ਤੇ ਮਾਂ ਵੀ
ਪਰ ਉਹਦੇ ਨਾਲ ਹੱਤਿਆ ਹੁੰਦੀ ਹਰ ਰੋਜ਼
ਹਰ ਕੁੜੀ ਦੇ ਚਾਅ, ਸੁਪਨੇ, ਅਰਮਾਨਾਂ ਦੀ।

ਰੀਝਾਂ, ਸੁਮਨੇ, ਚਾਅ, ਖਵਾਇਸ਼ਾ
ਹਮੇਸ਼ਾ ਲਈ ਮਰ ਚੁੱਕੇ ਨੇ
ਬਸ ਕਫ਼ਨ ਲੈਕੇ ਸੀਨੇ
ਅੱਗ ਲੱਗਣੀ ਅਧੂਰੀ ਏ।

ਕਿਉਂ ਹੱਸਣ ਨਹੀਂ ਦਿੰਦੇ
ਕਿਉਂ ਬੋਲਣ ਨਹੀਂ ਦਿੰਦੇ
ਨਾਂ ਹੀ ਦਿੰਦੇ ਰੋਣ ਕੁੜੀਆਂ ਨੂੰ
ਇਕੱਲੇ-ਇਕੱਲੇ ਸਿੱਕਿਆਂ ਵਾਂਗ ਜੋ ਖਿੜਖਿੜਾ ਕੇ ਹੱਸਦੀਆਂ
ਕਿਉ ਨੋਟਾਂ ਦੀਆਂ ਥਬੀਆਂ ਵਾਂਗ
ਆਵਾਜ਼ ਖੋਹ ਲੈਂਦੇ ਸੋਹਣੀਆਂ ਚਿੜੀਆਂ ਦੀ।

ਈਸ਼ਾ ਲਿਖ਼ਾਰੀ

ਹੁੰਦੀਆ ਦਿਲਾਂ ਦੀਆਂ ਨਾਜ਼ੁਕ ਬਹੁਤ
ਇਹਨਾਂ ਨਾਲ ਹੀ ਘਰ ਵਿੱਚ ਹੁੰਦੀ ਰੋਕਣ ਏ
ਜਿਹਨਾਂ ਨੂੰ ਇਜ਼ਤ ਦਾ ਕਲੰਕ ਕਿਹਾ ਜਾਂਦਾ
ਦਰਸਲ ਉਹਦਾ ਹੀ ਅਸਲੀ ਨਾਮ ਬਰਕਤ ਏ।

ਬਲਾਤਕਾਰ ਕਰਕੇ ਮਰਦ ਬੇ-ਖੋਫ ਘੁੰਮ ਰਹੇ
ਉਹਨਾਂ ਨੇ ਕਿਹੜਾ ਖ਼ੁਦਾ ਤੋਂ ਨਈ ਜਾਣਾ ਏ
ਡਾਢੇ ਜਿਸਮਾਂ ਦੇ ਵਪਾਰੀਓ
ਇੱਕ ਦਿਨ ਕਰਜ਼ ਚੁਕਾਉਣਾ ਪੈਣਾ ਏ।

ਜੇ ਸਭ ਕੁੱਝ ਹੋਣ ਲੱਗ ਜਾਵੇ ਔਰਤ ਦੀ ਮਰਜ਼ੀ ਦੇ ਨਾਲ
ਤਾਂ ਕਿੰਨਾਂ ਵੱਖਰਾ ਜੱਗ ਉੱਤੇ ਚਾਨੰਣ ਹੋ ਜਾਣਾ ਏ
ਜੇ ਕੁੜੀ ਦਾ ਨਾਮ ਇਜਾਜ਼ਤ ਹੋਊ
ਤਾਂ ਵੀ ਕੀ ਫਰਕ ਪੈ ਜਾਣਾ ਏ।

ਜੇ ਕੁੜੀ ਦਾ ਨਾਮ ਇਜਾਜ਼ਤ ਹੋਊ
ਤਾਂ ਵੀ ਕੀ ਫਰਕ ਪੈ ਜਾਣਾ ਏ।

ਈਸ਼ਾ ਲਿਖ਼ਾਰੀ

# "ਠੁਕਰਾਈ"

ਕਿਵੇਂ ਯਕੀਨ ਕਰਲਾ ਮੈਂ ਹੋਰਾਂ ਤੇ ਕਿ ਮੈਂ ਸੋਹਣੀ ਆ ਕਿਉਂਕਿ ਇੱਕ ਮੁੰਡਾ ਆਂ
ਉਹਦੇ ਮੂੰਹੋ ਮੈਂ ਕਦੇ ਠੁਕਰਾਈ ਗਈ ਸੀ,

ਕਾਸ਼ ਕੇ ਉਹ ਬੀਤੇ ਪਲ ਮੁੜ ਆਵਣ ਤੇ ਮੈਂ ਆਪਣਾ ਇਜ਼ਹਾਰ ਵਾਪਸ ਲੈ ਲਵਾਂ
ਕਿਉਂਕਿ ਉਹਨੂੰ ਵੀ ਖਬਰਾਂ ਨਈ ਕਿ ਮੈਂ ਉਦੋਂ ਕਿੰਨੀ ਬਦਨਾਮ ਹੋਈ ਸੀ,
ਦੁਨੀਆਂ ਦੀ ਨਜ਼ਰਾਂ 'ਚ ਜ਼ੁਲਮ ਹੈ ਕਿਸੇ ਨੂੰ ਚਾਹੁੰਣਾ ਲੋਕਾਂ ਦੇ ਤਾਣੇ ਸੁਣ ਕੇ ਮੈਂ ਤੇਰੇ
ਵੱਲ ਆਉਂਦੇ ਹਰ ਕਦਮ ਪਿੱਛੇ ਕਰ ਗਈ ਸੀ,
ਕਿੰਝ ਤੈਨੂੰ ਵੀ ਮੈਂ ਬੁਰਾ ਕਹਿ ਦੇਵਾ ਤੇਰਾ ਵੀ ਕਸੂਰ ਕੋਈ ਨਾਂ ਕਿਉਂਕਿ ਮੇਰੇ ਵੱਲੋਂ
ਕੀਤੀ ਤੇਰੇ ਨਾਲ ਇੱਕ-ਤਰਫੀ ਮੁਹੱਬਤ ਮੈਨੂੰ ਕਲਮ ਦਾ ਹੱਥ ਫੜਾ ਗਈ ਸੀ,
ਤੇਰੀ ਹੀ ਦੇਣ ਹੈ ਇਹ ਲਿਖਤ ਮੇਰੀ ਜਿਹਨੂੰ ਜੱਗ ਸਾਰਾ ਆਮੀਨ ਆਖਦਾ ਏ
ਕਿਉਂਕਿ ਤੇਰਾ ਮੇਰੇ ਨਾਲ ਕੋਈ ਤਾਲੂਕ ਨਾ ਬਣਾਉਣ ਤੇ ਮੈਂ ਲੁੱਕ-ਲੁੱਕ ਕੇ ਯਾਰਾ
ਬਹੁਤ ਹੀ ਜਿਆਦਾ ਰੋਈ ਸੀ,

ਕਿਵੇਂ ਯਕੀਨ ਕਰਲਾ ਮੈਂ ਹੋਰਾਂ ਤੇ ਕਿ ਮੈਂ ਸੋਹਣੀ ਆ ਕਿਉਂਕਿ ਇੱਕ ਮੁੰਡਾ ਆਂ
ਉਹਦੇ ਮੂੰਹੋ ਮੈਂ ਕਦੇ ਠੁਕਰਾਈ ਗਈ ਸੀ।

ਈਸ਼ਾ ਲਿਖ਼ਾਰੀ

# "ਚੇਤੇ ਰਹਿ ਗਿਆ"

ਉਹਦਾ ਨਾਮ ਕਾਲੀ ਰਾਤ ਦੇ ਸਾਏ ਵਾਂਗ ਮੇਰੇ ਅਤੀਤ 'ਚ ਰਹਿ ਗਿਆ
ਬਾਕੀ ਸਾਰੇ ਦਾ ਸਾਰਾ ਭੁੱਲ ਗਿਆ
ਪਰ ਉਹਦੇ ਨਾਮ ਦਾ ਮੈਂਨੂੰ (ਰ) ਰਾਰਾ ਚੇਤੇ ਰਹਿ ਗਿਆ,
ਇਹਨੇ ਜ਼ਖ਼ਮ ਮਿਲੇ ਇਸ ਜ਼ਿੰਦਗੀ 'ਚ ਮੈਂ ਕਦੇ ਪਰਵਾਹ ਨੀ ਕੀਤੀ
ਫ਼ਿਲਹਾਲ ਸਾਰੇ-ਦੇ-ਸਾਰੇ ਜ਼ਖ਼ਮ ਮੈਂਨੂੰ ਭੁੱਲ ਗਏ
ਪਰ ਉਹਦਾ ਹਰ ਬਾਰ ਦਾ ਮਾਰਿਆ ਮੈਂਨੂੰ ਮੁੱਕਾ ਚੇਤੇ ਰਹਿ ਗਿਆ,
ਕਈ ਸਫਰ ਤੈਅ ਕੀਤੇ ਮੇਰੀ ਜ਼ਿੰਦਗੀ 'ਚ ਮੈਂ
ਹੁਣ ਸਾਰੇ-ਦੇ-ਸਾਰੇ ਸਫਰ ਭੁੱਲ ਗਏ ਮੈਂਨੂੰ
ਪਰ ਉਹਦੇ ਨਾਲ ਕੀਤਾ ਸਕੂਟਰੀ ਦਾ ਮੈਂਨੂੰ ਸਫਰ ਚੇਤੇ ਗਿਆ ਗਿਆ,
ਬੜੇ ਖਾਸ ਸੀ ਜ਼ਿੰਦਗੀ ਦੇ ਪਲ ਉਹਦੇ ਨਾਲ ਬੀਤਾਏ ਜੋ
ਪਰ ਕੁੱਝ ਸਾਲਾਂ ਤੋਂ ਉਹਦਾ ਹੋਣਾ ਭੁੱਲ ਗਿਆ
ਪਰ ਉਹਦਾ ਜਾਣਾ ਚੇਤੇ ਰਹੇ ਗਿਆ,
ਦੱਸਿਆ ਨਈ ਕਦੇ ਉਹਨੇ ਕਿ ਉਹਨੂੰ ਪਿਆਰ ਕਿੰਨਾ ਸੀ ਮੇਰੇ ਨਾਲ
ਉਹਦੀ ਮਜ਼ਬੂਰੀਆਂ ਕਰਕੇ ਮੈਂਨੂੰ ਮੇਰੀ ਸੂਰਤ ਭੁੱਲ ਗਈ
ਪਰ ਉਹਦਾ ਲੜਣਾ ਚੇਤੇ ਰਹਿ ਗਿਆ,
ਹਰ ਲੜਾਈ 'ਚ ਮੈਂ ਉਹਨੂੰ ਮੇਰੇ ਨਾਲ ਪਾਇਆ
ਉਹਦੇ ਨਾਲ ਹੋਣ ਤੇ ਮੈਂਨੂੰ ਸਾਰੇ ਰਿਸ਼ਤੇ ਭੁੱਲ ਗਏ
ਪਰ ਬਿਨਾਂ ਦੱਸੇ ਦੂਰੀਆਂ ਕੀਤੀਆਂ ਉਹਨੇ
ਬਸ ਉਹੀ ਮੈਂਨੂੰ ਓਹ ਉਹਦਾ ਛੱਡਣਾ ਚੇਤੇ ਰਹਿ ਗਿਆ।

ਈਸ਼ਾ ਲਿਖ਼ਾਰੀ

# "ਵਿਆਹ-2”

ਇੱਕ ਬਾਰ ਫਿਰ ਅੱਜ ਵਿਆਹ ਨਹੀ ਮਜਬੂਰੀ ਹੋਣ ਲੱਗੀ ਆ
ਇੱਕ ਬਾਰ ਫਿਰ ਅੱਜ ਵਿਆਹ ਨਹੀ ਮਜਬੂਰੀ ਹੋਣ ਲੱਗੀ ਆ

ਪਿਆਰ ਤੇ ਉਹ ਵੀ ਬਹੁਤ ਕਰਦੀ ਸੀ ਪਰ ਜੱਗ ਦੇ ਰੀਤੀ-ਰਿਵਾਜ਼ਾ ਕਰਕੇ ਅੱਜ
ਰਹਿਮਤ ਨਹੀ ਤਬਾਹੀ ਹੋਣ ਲੱਗੀ ਆ,

ਦਿਲ ਉਹਦਾ ਵੀ ਚਾਹੁੰਦਾ ਸੀ ਸ਼ਾਦੀ ਮੇਰੇ ਨਾਲ ਕਰਵਾਉਣਾ
ਪਰ ਪੈਸਿਆਂ ਕਰਕੇ ਅੱਜ ਵਿਦਾਈ ਨਹੀ ਮੇਰੀ ਜਿੰਦ ਵੀਰਾਨ ਹੋਣ ਲੱਗੀ ਆ,

ਰੂਹ ਤੇ ਜਿਸਮ ਉਹਨੇ ਮੇਰੇ ਨਾਮੇ ਕਰਤੇ ਸੀ ਪਰ ਉਹਦੇ ਸੁਪਨਿਆਂ ਕਰਕੇ ਅੱਜ
ਉਹ ਮੇਰੀ ਨਹੀ ਗੈਰਾਂ ਦੀ ਹੋਣ ਲੱਗੀ ਆ,

ਹੋ ਸਕੇ ਤਾਂ ਅਗਲੇ ਜਨਮ 'ਚ ਮੈਨੂੰ ਮੇਰੀ ਹੋ ਕੇ ਮਿਲੀ ਮਾੜੇ ਕਰਮਾਂ ਦੇ ਮਾਰੇ ਅੱਜ
ਆਜ਼ਾਦ ਨਹੀ ਸਾਰੀ ਉਮਰ ਲਈ ਮੁਹੱਬਤ ਤੇਰੀ ਮੇਰੀ ਕੈਦ ਹੋਣ ਲੱਗੀ ਆ,

ਇੱਕ ਬਾਰ ਫਿਰ ਅੱਜ ਵਿਆਹ ਨਹੀ ਮਜਬੂਰੀ ਹੋਣ ਲੱਗੀ ਆ
ਵਿਆਹ ਨਹੀ ਮਜਬੂਰੀ ਹੋਣ ਲੱਗੀ ਆ।

ਈਸ਼ਾ ਲਿਖ਼ਾਰੀ

# "ਪੱਟ ਦਾ ਸਿਰਣਾ"

ਪੱਟ ਦਾ ਸਿਰਣਾ ਮੈਂ ਕਦੇ ਨੀ ਲਿਆ
ਪਰ ਜ਼ੁਲਫਾਂ ਦੀ ਛਾਂ ਕਰਨ ਨੂੰ ਮੇਰਾ ਚਿੱਤ ਕਰਦਾ ਸੀ,

ਹੱਥ ਤਾਂ ਵੈਸੇ ਬੜਿਆਂ ਨੇ ਦਿੱਤਾ
ਪਰ ਮੇਰਾ ਦਿਲ ਇੱਕ ਤੇਰੇ ਤੇ ਹੀ ਮਰਦਾ ਸੀ,
ਇਜ਼ਹਾਰ ਕਰਨ ਨੂੰ ਤਾਂ ਮੈਂ ਕਰ ਦਿੰਦੀ
ਪਰ ਮਸਲਾ ਹਰ ਬਾਰ ਘਰ ਦੀਆਂ ਦੀ ਇੱਜ਼ਤ ਤੇ ਅੱੜਦਾ ਸੀ।

ਈਸ਼ਾ ਲਿਖ਼ਾਰੀ

# "ਮਾਂ"

ਮਾਂ ਜੱਦ ਸਾਰਾ ਆਲਮ ਸੌਂ ਜਾਂਦਾ
ਮੈਨੂੰ ਤੇਰੇ ਨਾਲ ਗੱਲ ਕਰਨ ਦੀ ਤੜਪ ਜਿਹੀ ਲੱਗਦੀ ਏ,

ਤੇਰਾ ਪੱਟ ਦਾ ਸਿਰਾਣਾ ਮੇਰੇ ਸਾਰੇ ਰੋਣੇ ਰੋਕਦਾ
ਅੱਜ ਆਪਣਿਆਂ ਦੇ ਮਾਰੇ ਖ਼ਜ਼ਰਾਂ ਨਾਲ ਮੇਰੇ ਨੈਣਾਂ 'ਚ ਪਾਣੀ ਦੀ ਤਦੀਰ ਜਿਹੀ ਵਗਦੀ ਵੇ,

ਤੇਰੇ ਤੋਂ ਬਾਅਦ ਕਿਸੇ ਨੂੰ ਦੁੱਖ ਨੀ ਸੁਣਾਇਆ ਬੀਤੀਆ ਦਿਲ ਵਿਚ ਰੱਖ ਕੇ ਮੇਰੇ ਜਖ਼ਮਾਂ ਦੀ ਅੱਗ ਜਿਹੀ ਮੱਘਦੀ ਏ,

ਤੇਰੀ ਯਾਦਾਂ ਦੀ ਕਮਜ਼ੋਰੀ ਨੂੰ ਮੈਂ ਤਾਕਤ 'ਚ ਬਦਲਾ ਪਰ ਚੇਤਿਆਂ 'ਚ ਤੇਰੇ ਕੋਲ ਹੋਣ ਦੇ ਇਹਸਾਸ ਦੀ ਦਿਲ 'ਚ ਲੋਹ ਜਿਹੀ ਜੱਗਦੀ ਏ,

ਤੇਰੇ ਤੋਂ ਬਾਅਦ ਮੈਨੂੰ ਕੋਈ ਸਮਝ ਨਹੀਂ ਸਕਿਆ
ਮਾਂ ਪਰ ਸਿਰ ਪਲੋਸਣ ਦੀ ਆਦਤ ਤੇਰੀ ਹੁਣ ਮੇਰੇ ਸੀਨੇ ਸ਼ਾਬਾਸ਼ੀ ਦਾ ਨਿਸ਼ਾਨਾ ਜਿਹਾ ਬਣਦੀ ਏ।

ਈਸ਼ਾ ਲਿਖ਼ਾਰੀ

# "ਮੇਰਾ ਹੱਕ ਹੋਵੇ"

ਮੇਰਾ ਮੁਹੱਬਤ ਭਰਿਆ ਦਿਲ ਤੇਰੇ ਤੋਂ
ਨਾ ਟੱਸ ਹੋਵੇ ਨਾ ਮੱਸ ਹੋਵੇ
ਦਿਲ ਦੀਆਂ ਧੜਕਣਾਂ ਦੀ ਬਸ ਵੱਸ ਨਾ ਹੋਵੇ,

ਬੇਸ਼ੁਮਾਰ ਪਿਆਰ ਭਰਿਆ ਸਿਰਫ਼ ਤੇਰੇ ਲਈ ਮੇਰੇ ਅੰਦਰ
ਨਾ ਰੱਖ ਹੋਵੇ ਨਾ ਦੱਸ ਹੋਵੇ,

ਕਿੰਨੀ ਸੋਹਣੀ ਏ ਤੂੰ ਸੱਚੀ ਕਹਾ ਤਾਂ
ਨਾ ਤੱਕ ਹੋਵੇ ਨਾ ਟੱਕ ਹੋਵੇ,

ਗੁਲਾਬੀ ਗੱਲ੍ਹਾਂ ਤੇਰੀਆਂ ਅੰਬਰ ਦੀ ਲਾਲੀ ਵਾਂਗ
ਆਪਣੇ ਹੱਥਾਂ ਨਾਲ ਲੁੱਕਾ ਲਵਾਂ ਮੈਂ
ਜੇ ਇਨ੍ਹਾਂ ਮੇਰਾ ਹੱਕ ਹੋਵੇ।

ਈਸ਼ਾ ਲਿਖ਼ਾਰੀ

# "ਸੁਪਨਿਆਂ ਵਾਲੀ ਤੂੰ"

ਮੁਲਾਕਾਤ ਹਕੀਕਤ ਤੋਂ ਜਿਆਦਾ ਤੇਰੇ ਨਾਲ ਸੁਪਨਿਆ ਵਾਲੀਆਂ ਚੰਗੀਆਂ ਲੱਗਦੀਆਂ ਤੂੰ ਉਹਨਾਂ ਵਿੱਚ ਮੈਨੂੰ ਖੁਦ ਤੋਂ ਦੂਰ ਨਹੀ ਕਰਦੀ,

ਮੇਰੀ ਸੁਣਦੀ ਏ ਮੇਰੇ ਕੋਲ ਬੈਠਕੇ ਮੈਨੂੰ ਖਾਮੋਸ਼ ਨਹੀ ਕਰਦੀ,

ਤੁਰੀਂ ਆਉਂਦੀ ਏ ਆਪ ਚੱਲਕੇ ਮੇਰੇ ਵੱਲ ਨੂੰ ਤੇਰੇ ਸੁੱਖਾਂ ਤੋਂ ਤੂੰ ਮੈਨੂੰ ਦੂਰ ਨਹੀ ਕਰਦੀ,

ਦਿੰਦੀ ਦੇ ਰੂਘ ਭਰਕੇ ਗਲਬੱਕੜੀ ਵੀ ਅਸਲ ਵਾਂਗ ਨਾ ਬੋਲਕੇ ਹਲਾਲ ਨੀ ਕਰਦੀ,

ਚੰਗੀ ਲੱਗਦੀ ਏ ਜੱਦ ਮੇਰੇ ਨਾਲ ਖਾਸ ਦਿਲ ਦੀ ਗੱਲ ਫਰੋਲਦੀ ਏ ਰਾਜ ਦਿਲ 'ਚ ਰੱਖਕੇ ਮੈਨੂੰ ਚੂਰ ਨਹੀ ਕਰਦੀ।

ਈਸ਼ਾ ਲਿਖ਼ਾਰੀ

# "ਉਡੀਕ"

ਉਹ ਜੀਵੇ ਸਾਲ, ਅਰਮੇ, ਜ਼ਮਾਨੇ
ਮੇਰੇ ਸਾਹਾਂ ਦੀ ਕੋਈ ਤਾਰੀਖ਼ ਥੋੜ੍ਹੀ ਆ,
ਉਹ ਹੱਸੇ-ਵੱਸੇ ਖੁਸ਼ੀਆ ਮਾਣੇ
ਮੈਨੂੰ ਕੋਈ ਤਕਲੀਫ ਥੋੜ੍ਹੀ ਆ,
ਲੱਖ ਵਾਰੀ ਗੁਜ਼ਰਨ ਭਾਵੇਂ ਉਹ ਮੇਰੇ ਰਾਹਾਂ ਚੋਂ
ਮੈਨੂੰ ਕੋਈ ਕਿੱਸੇ ਦੀ ਉਡੀਕ ਥੋੜ੍ਹੀ ਆ।

ਈਸ਼ਾ ਲਿਖ਼ਾਰੀ

# "ਸੂਟ ਤੇ ਚੂੜਾ"

ਰੂਹ ਦਾ ਪਤਾ ਨਈ
ਪਰ ਜਿਸਮ ਨਿਲਾਮ ਕਰਨਾ ਮੈਂ ਸਿੱਖ ਲਿਆ,

ਪਿਆਰ ਦਾ ਪਤਾ ਨਈ
ਪਰ ਤੇਰੇ ਨਾਲ ਮੈਂ ਔਕਾਤ 'ਚ ਰਹਿਣਾ ਸਿੱਖ ਲਿਆ,

ਇਹ ਦੁਨੀਆਂ ਮੈਨੂੰ ਚੰਗੀ ਨਈ ਲੱਗਦੀ
ਜਦੋਂ ਦਾ ਮੈਂ ਤੇਰਾ ਮੈਥੋਂ ਮਨ ਭਰਿਆ ਦੇਖ ਲਿਆ,

ਤੈਨੂੰ ਉਦੋਂ ਧਾਹਾਂ ਮਾਰਦੇ ਨੂੰ ਸਾਹ ਨਈ ਆਉਣਾ
ਜਦੋ ਤੂੰ ਮੈਨੂੰ ਲਾਲ ਸੂਹੇ ਸੂਟ ਤੇ ਚੂੜਾ ਪਾਈ ਹੋਈ ਮਰੀ ਨੂੰ ਦੇਖ ਲਿਆ।

ਈਸ਼ਾ ਲਿਖ਼ਾਰੀ

# "ਖਵਾਇਸ਼"

ਕਦੇ ਜੀਅ ਕਰਦਾ ਵਿਸ਼ੂਆ ਬਣ ਤੇਰੇ ਪੈਰੀਂ ਪੈ ਜਾਵਾਂ
ਕਦੇ ਬਿੰਦੀ ਬਣ ਤੇਰੇ ਮੱਥੇ ਲੱਗ ਜਾਵਾਂ
ਡੰਡੀਆਂ ਬਣ ਤੇਰੇ ਕੰਨੀ ਝੂੰਮਾਂ
ਛਣ-ਛਣ ਪਾਏ ਜੋ ਰੋਲਾ ਚੂੜੀ ਬਣ ਤੇਰੇ ਵਿਣੀ ਸੱਜ ਜਾਵਾਂ
ਤਾਲ ਮਿਲਾ ਕੇ ਤੁਰਾਂ ਤੇਰੇ ਨਾਲ
ਮੇਰਾ ਜੀਅ ਕਰਦਾ ਤੇਰੇ ਲੱਕ ਦਾ ਕਮਰਬੰਦ ਬਣ ਜਾਵਾਂ
ਜੋ ਤੇਰੇ ਜਿਸਮ ਨੂੰ ਛੂਹ ਕੇ ਨਿਕਲਣ ਮੈਂ ਠੰਡੀਆਂ ਹਵਾਂਵਾਂ ਬਣ ਜਾਵਾਂ
ਜਿਸ ਦੀ ਕਰ ਰਹੀ ਏ ਉਡੀਕ ਤੂੰ ਸਾਲਾਂ ਤੋਂ
ਮੈਂ ਅੱਜ ਦੀ ਤਾਰੀਖ਼ 'ਚ ਤੇਰਾ ਹਾਸਿਲ ਬਣ ਜਾਵਾਂ,
ਜਿਹਨੂੰ ਕਰੇ ਬੇ-ਸ਼ੁਮਾਰ ਮੁਹੱਬਤ ਤੂੰ ਮੈਂ ਤੇਰਾ ਸਾਹਿਰ ਬਣ ਜਾਵਾਂ, ਜਿਹਨੂੰ ਪੂਜੇ ਤੂੰ
ਦਿਨ-ਰਾਤ ਖੁਦਾ ਕਰੇ ਤੇਰਾ ਮੈਂ ਉਹ ਖਸਮ ਬਣ ਜਾਵਾਂ,
ਆਉਣ ਵਾਲੇ ਸਮਿਆਂ 'ਚ ਜੋ ਮੇਰਾ ਆਉਧਾ ਵੱਡਾ ਕਰੇ ਆਮੀਨ
ਤੇਰੇ ਬੱਚਿਆਂ ਦਾ ਮੈਂ ਬਾਪ ਬਣ ਜਾਵਾਂ।

ਈਸ਼ਾ ਲਿਖ਼ਾਰੀ

# "ਛੂਣ- ਛੁਆਣਾ"

ਛੂਣ- ਛੁਆਣਾ ਤਾਂ ਰਹਿ ਹੀ ਗਿਆ
ਛੁਣ-ਛੁਆਣਾ ਤਾਂ ਰਹਿ ਹੀ ਗਿਆ

ਜੱਦ ਨਵੀਂ-ਨਵੀਂ ਲੱਗੀ ਯਾਰੀ ਤੇ ਮਸਲਾ ਵੱਡਾ ਵਿੱਚ ਆ ਹੀ ਗਿਆ ਜੱਦ ਖੁੱਲ੍ਹਾ ਮਸਲਾ ਵੱਡਾ ਲੋਗਡਾਉਨ ਦਾ ਤੇ ਸਕੂਲ ਵਿੱਚ ਪਹਿਲੀ ਮੁਲਾਕਾਤ ਪੌੜੀਆਂ ਤੇ ਸੱਜਣ ਨਾਲ ਕਰਾ ਹੀ ਗਿਆ,

ਪੰਦਰਾਂ ਦਿਨ ਪਿਆਰ ਦੇ ਕੱਟੇ ਇੱਕ-ਦੂਜੇ ਨਾਲ
ਫਿਰ ਤੋਂ ਭੈੜਾ ਲੋਗਡਾਉਨ ਦੂਰੀਆਂ ਪਾ ਹੀ ਗਿਆ,

ਫਿਰ ਚੱਲੀ ਹਵਾਂ ਪਿਆਰ ਦੀ ਉਹਦੇ ਨਾਲ ਰੱਬ ਮੇਲ ਕਰਾ ਹੀ ਗਿਆ ਉਦੋਂ ਸਕੂਲ ਦੀ ਸੀਨੀਅਰ ਹੋਗੀ ਤੇ ਸੋਹਣਾ ਸ਼ਹਿਰ ਛੱਡ ਕੇ ਚੱਲਾ ਹੀ ਗਿਆ,

ਉਡੀਕ ਸੀ ਕਾਲਜ ਜਾਣ ਦੀ ਤੇ ਉਹਨਾਂ ਨਾਲ ਮਿਲਣ ਦੀ ਪਰ ਵੇਲਾ ਆਉਣ ਤੇ ਸੱਜਣ ਪਰਦੇਸ਼ਾਂ ਨੂੰ ਉਡਾਰੀ ਮਾਰ ਹੀ ਗਿਆ,

ਪਰਦੇਸਾਂ 'ਚ ਬੈਠਾ ਉਹ ਮੈਨੂੰ ਬੋਲਦਾ ਆ ਕਿ ਪਿਛਲਾ ਸਮਾਂ ਥੋੜਾ ਬਰਬਾਦ ਹੋਇਆ ਰੂਹ ਤੇ ਤੇਰੀ ਮੈਂ ਦੇਖਲੀ ਪਰ ਤੈਨੂੰ ਦੇਖਣਾ ਤਾਂ ਰਹਿ ਹੀ ਗਿਆ,

ਸਚੀਓ ਛੂਣ-ਛੂਆਣਾ ਤਾਂ ਰਹਿ ਹੀ ਗਿਆ।

ਈਸ਼ਾ ਲਿਖ਼ਾਰੀ

# "ਸਿੰਦੂਰ"

ਤੇਰਾ ਪਿਆਰ ਮੇਰੇ ਹਿੱਸੇ ਆ ਜਾਵੇ,
ਤੇਰੇ ਨਾਮ ਦੀ ਚੂੜੀ ਮੇਰੇ ਵੀਣੀ ਆ ਜਾਵੇ,
ਤੇਰੇ ਠੰਡੇ ਸੁਭਾਅ ਦੀ ਚਾਂਦੀ ਮੇਰੇ ਪੈਰੀਂ ਆ ਜਾਵੇ,
ਤੇਰੇ ਨਾਮ ਦੇ ਕਲੀਰੇ ਮੇਰੇ ਹੱਥੀ ਆ ਜਾਵੇ,
ਤੇਰੀ ਬੇਬੇ ਨੇ ਬਣਾਕੇ ਰੱਖਿਆ ਏ ਜੋ ਸਵੈਟਰ ਮੇਰੇ ਜਿਸਮੀ ਆ ਜਾਵੇ,
ਤੇਰੀ ਲਾਵਾਂ ਵਾਲੀ ਮੁੰਦਰੀ ਮੇਰੀ ਉਂਗਲ ਆ ਜਾਵੇ,
ਤੇਰੇ ਇਲਮਾਂ ਦਾ ਕਾਲਾ ਸੁਰਮਾ ਮੇਰੀ ਅੱਖੀਂ ਆ ਜਾਵੇ,
ਤੇਰੇ ਪਿੰਡ ਦਾ ਚਮਕਦਾ ਸੂਰਜ ਝੁਮਕਾ ਬਣ ਮੇਰੇ ਕੰਨੀ ਆ ਜਾਵੇ,
ਖੋਹ ਕੇ ਲਾਲੀ ਬੱਦਲਾਂ ਤੋਂ ਸੁਰਖ਼ੀ ਬਣ ਤੇਰੇ ਨਾਂ ਦੀ
ਮੇਰੇ ਬੁੱਲ੍ਹਾਂ ਤੇ ਆ ਜਾਵੇ,
ਮੈਨੂੰ ਸੁਹਾਗਣ ਕਰ ਜੋ ਹਰ ਇੱਕ ਚੀਜ਼ ਤੇਰੇ ਨਾਮ ਦੀ ਪੂਰੀ ਆ ਜਾਵੇ,
ਮੰਨਤਾਂ ਮੰਗੀਆਂ ਡਾਢੇ ਰੱਬ ਕੋਲੋਂ
ਕਿ ਤੇਰੇ ਨਾਮ ਦਾ ਸਿੰਦੂਰ ਮੇਰੇ ਹਿੱਸੇ ਆ ਜਾਵੇ।

ਈਸ਼ਾ ਲਿਖ਼ਾਰੀ

# "ਤੇਰੀ ਯਾਦ"

ਏਦਾ ਦਾ ਕਿਹੜਾ ਪਿਆਰ ਸੀ
ਜੋ ਮੈਂ ਤੈਨੂੰ ਦੇ ਨਾ ਪਾਈ,
ਕੱਦੋ ਦਾ ਰੋਣ ਲੱਗਾ ਅੰਬਰ
ਖੌਰੇ ਕਾਹਤੋਂ ਇਹਨੇ ਰੋਲੀ ਪਾਈ,
ਦਿਲ ਕੰਬੀ ਜਾਂਦਾ ਮੇਰਾ ਇਹ
ਰਾਤ ਜੋ ਕਾਲੀ ਆਈ,
ਪਲ ਵਿੱਚ ਭਿੱਜਦੀਆਂ ਸੌ-ਬਾਰ ਪਲਕਾਂ
ਪਤਾ ਨਈ ਕਿਹੜੀ ਹਨੇਰੀ ਆਈ,
ਬੁੱਝ ਗਈਆਂ ਸ਼ਮਾ ਸਾਰੀਆਂ
ਲੋਅ ਮੇਰੇ ਜਖ਼ਮਾਂ ਦੇ ਦੀਵੇ ਨੇ ਜੋ ਜਗਾਈ,
ਸਾਰਾ ਆਲਮ ਭੁੱਲ ਗਿਆ
ਮੈਨੂੰ ਤੇਰੀ ਯਾਦ ਸੱਜਣ ਜੋ ਆਈ।

ਈਸ਼ਾ ਲਿਖ਼ਾਰੀ

# "ਸਾਂਝ ਸਵੇਰੇ"

ਦਿਨ ਚੜ੍ਹਦੇ ਅੱਜ ਉਹਦੀ ਯਾਦ ਨੇ ਮੈਨੂੰ ਘੇਰ ਲਿਆ
ਉਹਦੀ ਅੱਖ 'ਚ ਵੀ ਜਰੂਰੀ ਪਾਣੀ ਆਇਆ ਹੋਊ
ਅੱਜ ਮੈਂ ਜੋ ਹੰਝੂਆਂ ਦਾ ਦੀਵਾ ਵਾਲ ਲਿਆ
ਕਿੰਨੇ ਸਾਲਾਂ ਤੋਂ ਮੈਂ ਉਹਦਾ ਵਿਛੋੜਾ ਆਪਣੇ ਅੰਦਰ ਸਮ੍ਹਾ ਲਿਆ
ਅੱਜ ਬੱਦਲ ਆਇਆ ਤੇ ਉਹਦੇ ਨੈਣਾਂ ਨੇ ਮੈਨੂੰ ਫਿਰ ਘੇਰ ਲਿਆ
ਉਹਨੂੰ ਵੀ ਕੁੱਝ ਯਾਦ ਨੀ ਰਿਹਾ ਹੋਣਾ
ਸਾਂਝ-ਸਵੇਰੇ ਅੱਜ ਮੈਂ ਜੋ ਸੂਰਤਾਂ ਦਾ ਬਿਸਤਰਾ ਖਿਲਾਰ ਲਿਆ
ਇੱਕ ਸੁਪਨੇ ਚੋ ਨਿਕਲ ਕੇ ਮੈਂ ਬਾਹਰ ਹੀ ਆਇਆ ਸਾਂ
ਉਠਦੇ ਸਾਰ ਹੀ ਉਹਦੇ ਨਾਂ ਹੋਣ ਦੇ ਇਹਸਾਸ ਨੇ
ਫਿਰ ਮੈਨੂੰ ਘੇਰ ਲਿਆ
ਬੜੀਆਂ ਰੀਝਾਂ ਦਿਲ ਅੰਦਰ ਦਬਾ ਗਿਆ ਉਹ
ਅੱਜ ਮੈਂ ਜੋ ਇਕੱਲਾ-ਇਕੱਲਾ ਬੋਲ ਉਹਦਾ ਸਮੇਤ ਲਿਆ
ਮੈਨੂੰ ਬੜੀ ਉਡੀਕ ਆ ਤੇਰੀ ਸੱਚੀਓ
ਤੇਰੇ ਵਿਛੋੜੇ ਨੇ ਅਖ਼ੀਰ ਮੈਨੂੰ ਘੇਰ ਲਿਆ
ਉਹਨੂੰ ਵੀ ਪਤਾ ਲੱਗਾ ਹੋਣਾ
ਕਿ ਉਹਨੇ ਗਲਤ ਕਰਿਆ ਮੇਰੇ ਨਾਲ
ਅੱਜ ਮੈਂ ਜੋ ਹਿਜ਼ਰਾਂ ਦਾ ਦੁੱਖ ਚੀਸਾਂ ਨਾਲ ਹੰਢਾ ਲਿਆ।

ਈਸ਼ਾ ਲਿਖ਼ਾਰੀ

# "2022"

ਲਿਖਣ ਨੂੰ ਮੈਂ ਤੜਪ, ਹੌਕੇ, ਰੋਣੇ ਸਭ ਲਿਖ ਦੇਵਾ, ਪਰ ਤੇਰੀ ਕੀ ਇਜ਼ਤ ਰਹਿ ਜਾਊ ਕਿ ਤੂੰ ਕਿੱਧਾ ਪਾਣੀ ਵਿੱਚੋਂ ਮੱਛਲੀ ਕੱਢ ਕੇ ਬਾਹਰ ਸੁੱਟ ਦਿੱਤੀ ਏ, ਮੈਂ ਤੈਨੂੰ ਹਮੇਸ਼ਾ ਪਿਆਰ ਲਿਖਣਾ ਚਾਇਆ ਪਰ ਤੂੰ ਕਦੇ ਉਹ ਦਰਜ਼ਾ ਲੈਣਾ ਨੀ ਚਾਇਆ, ਮੈਂ ਤੈਨੂੰ ਖਾਸ ਲਿਖਣਾ ਚਾਇਆ, ਤੂੰ ਸਦਾ ਖੁਦ ਨੂੰ ਆਮ ਰੱਖਣਾ ਚਾਇਆ, ਸੁਣ ਲੈਂਦਾ ਇੱਕ ਬਾਰ ਮੇਰੀ ਮੇਰੇ ਕੋਲ ਆ ਕੇ ਤੇ ਸ਼ਾਇਦ ਅੱਜ ਅਸੀ ਅੱਡ ਨਾ ਹੁੰਦੇ, ਐਵੇਂ ਅੱਖਾਂ 'ਚ ਅੱਖਾਂ ਪਾਕੇ ਇੱਕ-ਦੂਜੇ ਨੂੰ ਅਣਜਾਣ ਨਾ ਕਹਿੰਦੇ, ਜੁਦਾ ਹੋਕੇ ਵੀ ਚੇਤੇ ਕਰਦੈ ਮੈਨੂੰ ਪਤਾ! ਪਰ ਜੇ ਆਣਕੇ ਸਭ ਸੁਲਜ਼ਾ ਲਵੇ ਤਾਂ ਕੋਈ ਮਸਲਾ ਨਹੀ ਹੋਣਾ, ਤੂੰ ਲੱਖ ਕੋਸ਼ਿਸ਼ ਕਰਲੇ ਜਿਨ੍ਹਾਂ ਮਰਜ਼ੀ ਜ਼ੋਰ ਲੱਗਾ ਲੈ, ਮੈਂ ਕਦੇ ਕਿਸੇ ਹੋਰ ਦੀ ਚਾਅ ਕੇ ਵੀ ਨਈਂ ਹੋਣਾ, ਤੈਨੂੰ ਕੀ ਲੱਗਦਾ ਤੇਰੇ ਛੱਡਣ ਤੋਂ ਬਾਅਦ ਮੈਂ ਤੇਰੇ ਬਾਰੇ ਸਭ ਭੁੱਲ ਗਈ ਹੋਣੀ ? ਨਾਂਹ! ਮੈਂ ਤੇਰੇ ਬਾਰੇ ਪਹਿਲਾ ਨਾਲੋ ਵੀ ਜਿਆਦਾ ਤੈਨੂੰ ਹੋਰ ਜਾਣ ਲਿਆ, ਜੋ ਸ਼ਾਇਦ ਤੇਰੇ ਨਾਲ ਰਹਿ ਕੇ ਮੈਂ ਤੇਰੇ ਬਾਰੇ ਕਦੇ ਨਾ ਜਾਣ ਪਾਉਂਦੀ, ਵਹਿਮ ਹੈ ਤੈਨੂੰ ਕੀ ਤੇਰਾ ਦੂਰ ਰਹਿ ਕੇ ਮੈਂ ਤੇਰੇ ਚੋਂ ਨਿਕਲ ਜਾਣਾ, ਪਰ ਵਹਿਮ ਹੈ ਵਹਿਮ ਸੱਚ ਨਹੀ ਹੁੰਦਾ ਨਾਂ ਹੀ ਹੁੰਦਾ ਉਹਦਾ ਇਲਾਜ਼ ਕੋਈ ਸੋਹਣਿਆ, ਅੜੀਆਂ ਨਾ ਕਰ ਆਜਾ ਹੁਣ ਬੜਾ ਹੋ ਗਿਆ, ਤੂੰ ਕਿਹਾ ਸੀ ਛੱਡਣ ਵੇਲੇ ਕਿ 4 ਕੁ ਸਾਲਾ 'ਚ ਭੁੱਲ ਜਾਏਗੀ, ਪਰ ਦੇਖ ਅੱਜ ਜ਼ਮਾਨੇ ਬੀਤ ਗਏ ਮੁੱਦਤਾਂ ਹੋ ਗਾਈਆਂ ਤੇਰੇ ਵਿੱਚ ਹੀ ਉਲਝੀ ਆ, ਜੇ ਤੂੰ ਢੀਠ ਆ ਤੇ ਯਾਦ ਰੱਖੀ ਮੈਂ ਵੀ ਤੇਰੀ ਮੁਰੀਦ ਆ, ਬੜੇ ਅਰਸੇ ਬਾਅਦ ਅੱਜ ਇੱਕ ਸ਼ਾਮ ਅੱਖਾਂ ਮੂਹਰੇ ਆਣ ਖਲੋਤੀ ਆ, ਪਤਾ ਨਹੀ ਕਈ ਸਾਲਾਂ ਪਿੱਛੋਂ ਕਿਹੜੀ ਯਾਦ ਨੇ ਉਹਦੇ ਦਿਲ ਚ ਹਲਚਲ ਕੀਤੀ ਆ, ਕਈ ਜ਼ਮਾਨਿਆਂ ਬਾਅਦ ਅੱਜ 2022 ਨੇ ਜਿਹੜੀ ਮੇਰੇ ਅੱਗੇ ਦਸਤਕ ਦਿੱਤੀ ਆ।

ਈਸ਼ਾ ਲਿਖ਼ਾਰੀ

# "ਤੇਰਾ ਮੇਰਾ ਵਿਛੋੜਾ"

ਤੇਰੇ ਹੱਥੋਂ ਵਿਗੜੀ ਹੋਈ ਸੁਧਰੀ ਮੈਂ
ਤੇਰੇ ਸੰਗ ਹੱਥ ਫੜ ਕੇ ਤੁਰਨਾ ਚਾਉਂਦੀ ਮੈਂ
ਤੇਰੇ ਤੋਂ ਦੋ ਕਦਮ ਅੱਗੇ ਨਾ ਪਿੱਛੇ ਬਸ
ਤੇਰੇ ਨਾਲ ਜ਼ਿੰਦਗੀ ਦੇ ਸਫਰ ਬਰਾਬਰ ਕਰਨਾ ਚਾਉਂਦੀ ਮੈਂ

ਮੰਨਿਆ ਤੇਰਾ ਪਿਆਰ ਵੱਡਾ ਮੈਥੋਂ
ਪਰ ਤੇਰੇ ਕਮੀਜ਼ ਦੇ ਬਟਨ ਤੋਂ
ਬੈਡ ਤੇ ਪਏ ਤੌਲੀਏ ਨੂੰ
ਸਵਾਰ ਕੇ ਰੱਖਣਾ ਚਾਉਂਦੀ ਮੈਂ

ਜ਼ਿੰਦਗੀ ਦੀਆਂ ਸਾਹਾਂ ਹਰ ਤੇਰੇ ਨਾਲ ਨਿਭਾਉਣੀਆਂ
ਨਾਂ ਇੱਕ ਵੀ ਖਿੱਚੂ ਵਾਧੂ ਸਾਹ ਮੈਂ
ਤੇਰੇ ਨਾਲ ਲੱਗਦੀ ਜ਼ਿੰਦਗੀ ਸਚੀਓ ਬੜੀ ਹਸੀਨ
ਤੇਰੇ ਗਲ਼ ਲੱਗ ਕੇ ਰੋਣਾ ਚਾਉਂਦੀ ਮੈਂ

ਛੱਡੀ ਨਾ ਮੈਨੂੰ ਕਦੇ
ਮੈਂ ਤੇਰੀ ਹੁਣ ਪੂਰੀ ਹੋ ਕੇ ਰਹਿ ਚੁੱਕੀ ਆ
ਜਿਉਂਦੇ ਜੀ ਨਹੀ ਦੂਰ ਹੋਣਾ ਤੇਰੇ ਤੋਂ
ਜੇ ਮੈਨੂੰ ਛੱਡਿਆ ਤੇ ਖ਼ੁਦਾ ਕਰੇ
ਮੈਂ ਦੇਖਾਂ ਆਪਣੀ ਮੌਤ ਨੂੰ

ਇੱਕ ਵਿਛੋੜਾ ਜੱਗ ਤੋਂ ਇੱਦਾ ਦਾ ਹੋਊ
ਮੇਰੀ ਸਵਾਹ ਤੇਰੇ ਹੱਥਾਂ ਚੋਂ ਨਿਕਲ ਕੇ ਗੰਗਾਂ 'ਚ ਹੋਊ
ਇੱਕੋ ਰੀਝ ਦਿਲ ਦੀ
ਤੇਰਾ ਮੇਰਾ ਵਿਛੋੜਾ ਦੁਨੀਆਂ ਤੋਂ ਇੱਦਾਂ ਦਾ ਹੋਊ।

ਈਸ਼ਾ ਲਿਖ਼ਾਰੀ

# "ਮੇਰੀਆਂ ਸੋਚਾਂ ਦਾ ਖੱਤ"

ਇੱਕ ਆਇਆ ਸੀ ਦਿਨ ਮੇਰੀ ਜ਼ਿੰਦਗੀ 'ਚ ਬੜਾ ਖਾਸ, ਉਸ ਦਿਨ ਸੱਜਣਾ ਸਾਡੇ ਨਾਲ ਤਸਵੀਰ ਕਰਾਈ ਸੀ, ਜਦੋਂ ਦੂਰੀ ਪਾਕੇ ਗਿਆ ਤੇ ਮੈਂ ਪੁੱਛਿਆ ਕਿਵੇਂ ਰਹਾਗੀ ਤੇਰੇ ਬਗੈਰ ਤਾਂ ਉਹਨਾਂ ਨੇ ਕਿਹਾ ਗਲੇ ਵਿਚ ਮੇਰੀ ਤਸਵੀਰ ਪਾ ਲਵੀਂ, ਇਹਨੇ ਜੋਗੀ ਨੀ ਸੀ ਸਾਡੀ ਔਕਾਤ ਕਿ ਉਹਨਾਂ ਜਿਹੀ ਵੱਡੀ ਸ਼ੈਅ ਨੂੰ ਮੈਂ ਆਪਣੇ ਚਾਮ ਨਾਲ ਲਾਮਾਂ, ਪਰ ਉਹਦੀ ਮੇਰੀ ਤਸਵੀਰ ਮੈਂ ਮੇਰੇ ਕਮਰੇ ਵਿਚ ਜ਼ਰੂਰ ਮੜ੍ਹਾ ਕੇ ਲਾ ਲਈ, ਲਗੂ ਪਾਪ ਮੈਨੂੰ ਲੱਗਦਾ ਇਸ ਖ਼ਤਾ ਦਾ ਕਿਉਂਕਿ ਉਹ ਨਹੀ ਆਂ ਵੱਡੇ ਲੋਕ ਮੇਰੀ ਤਕਦੀਰ ਵਿੱਚ, ਜੋ ਖੜ੍ਹੇ ਨੇ ਮੇਰੇ ਨਾਲ ਕੰਧ ਤੇ ਲੱਗੀ ਤਸਵੀਰ ਵਿੱਚ....

ਉਸ ਪਲ ਦੀਆਂ ਯਾਦਾਂ ਮੈਂ ਅੱਖਾਂ ਵਿੱਚ ਛੁੱਪਾ ਕੇ ਤੁਰੀਂ ਫਿਰਦੀ ਆ, ਕਿੱਥੇ ਕੋਈ ਪਹਿਚਾਣ ਨਾ ਲਏ ਕਿ ਕਿੱਸੇ ਦੇ ਦਿਲ ਵਿੱਚੋਂ ਮੈਂ ਕਦੇ ਕੱਢੀ ਗਈ ਆ, ਮੈਂ ਤਾਂ ਹੁਣ ਉਹ ਤਸਵੀਰਾਂ ਵੀ ਨਹੀਂ ਦੇਖਦੀ ਇਕੱਲੀ ਵੀ, ਮੈਂ ਸੁਣਿਆਂ ਆਪਣੀਆਂ ਹੀ ਲੱਗ ਜਾਂਦੀਆਂ ਨਜ਼ਰਾਂ ਨੇ, ਮੈਂ ਸੁਣਿਆ ਕਿਸੇ ਅੱਗੇ ਮਹਿਬੂਬ ਦੇ ਪਿਆਰ ਦੀ ਤਾਰੀਫ਼ ਨਹੀਂ ਕਰਨੀ ਚਾਹੀਦੀ, ਮੈਂ ਤੇ ਅੱਜ ਤੱਕ ਉਹਦਾ ਜ਼ਿਕਰ ਵੀ ਕਦੇ ਕਿੱਸੇ ਅੱਗੇ ਕੀਤਾ ਨਈ ਏ....

ਇਹਨਾਂ ਜਿਆਦਾ ਮੈਂ ਉਹਦਾ ਮੇਰਾ ਰਿਸ਼ਤਾ ਲੁੱਕਾ ਕੇ ਰੱਖਿਆ, ਪਰ ਫਿਰ ਵੀ ਪਤਾ ਨੀ ਕਿਉਂ ਰੱਬ ਨੇ ਉਹਨੂੰ ਮੇਰੇ ਤੋਂ ਖੋਹ ਹੀ ਲੀਤਾ ਏ, ਜੇ ਉਹਨੂੰ ਕਿੱਥੇ ਭੁੱਲ-ਭੁੱਲੇਖੇ ਆਏ ਯਾਦਾਂ ਮੇਰੀਆਂ ਤੇ ਰੱਬਾ ਉਹਨੂੰ ਉਹਨਾਂ ਵਿਚੋਂ ਦੂਰ ਨਾ ਕਰੀਂ, ਜੇ ਸਾਰੀ ਜ਼ਿੰਦਗੀ ਉਹਨੂੰ ਮੇਰਾ ਨਾਮ ਵੀ ਚੇਤੇ ਨਾ ਆਏ ਤੇ ਮੈਨੂੰ ਆਪਣੇ ਤੋਂ ਬੁਲਾਉਣ ਦੀ ਕੌਲ ਨਾ ਕਰੀ....

ਈਸ਼ਾ ਲਿਖ਼ਾਰੀ

ਕਰਮਾਂ ਦੇ ਮਾੜੇ ਹੋ ਸਕਦੇ ਆ ਪਰ ਦਿਲ ਮੇਰਾ ਸ਼ੀਸ਼ੇ ਵਾਂਗ ਸਾਫ਼ ਏ, ਉਹ ਮੁੜ ਕੇ ਆਏ ਜੇ ਪਿੱਛਲਾ ਸਭ ਸਪਸ਼ਟ ਕਰਨ, ਤੇ ਉਹਨੂੰ ਹਮੇਸ਼ਾ ਲਈ ਮੇਰੀ ਕਿਸਮਤ 'ਚ ਲਿਖ ਦਈਂ, ਜੇ ਨਈ ਲਿਖਣਾ ਤੇ ਹੁਣ ਕਦੀ ਸਾਡਾ ਮੇਲ ਨਾ ਲਿਖੀ, ਜੇ ਮੇਲ ਹੋਵੇਂ ਤਾਂ ਸਮਝਾਗੀ ਕਿ ਉਹਦੇ ਨਾਲ ਜ਼ਿੰਦਗੀ ਜਿਉਣੀ ਹਜੇ ਬਾਕੀ ਏ, ਨਹੀ ਤਾਂ ਵੈਸੇ ਵੀ ਮੈਂ ਮਰ ਹੀ ਚੁੱਕੀਂ, ਬਸ ਸਵਾਹ ਇੱਕਠੀ ਕਰਨੀ ਮੇਰੀ ਬਾਕੀ ਏ....

ਕਿੰਨਾ ਤੜਪੀ ਤੇ ਰੋਈ, ਕੁਰਾਲਾਈ ਮੈਂ ਅੱਧੀ ਰਾਤ ਤੱਕ ਉਹਦੇ ਜਾਣ ਤੋਂ ਬਾਅਦ, ਰੱਬਾ ਮੈਂ ਬੋਲਕੇ ਨਹੀਂ ਦੱਸ ਸਕਦੀ, ਤੂੰ ਆਪ ਦੱਸਦੀ ਜਦੋਂ ਤੇਰੇ ਕੋਲ ਆਊ ਉਹ ਸੂਚੀ ਰੂਹ ਬਣਨ ਤੋਂ ਬਾਅਦ, ਤੇਰੀਆਂ ਗੱਲਾਂ ਤੇ ਯਕੀਨ ਉਹਨੂੰ ਪਲ ਵਿਚ ਹੋਜੂ, ਪਰ ਤੂੰ ਕਹੀਂ ਸਭ ਕੁੱਝ ਮੇਰੇ ਹੱਕ ਵਾਲ, ਰੱਬਾ ਤੇਰੇ ਕਹੇ ਤੇ ਉਹ ਪੱਕਾ ਮੇਰੇ ਕੋਲ ਆਜੂ ਮੈਨੂੰ ਯਕੀਨ ਹੈ, ਕਿਉਂਕਿ ਆਪਣੇ ਰੱਬ ਦੀ ਨਹੀਂ ਮੋੜ ਸਕਦਾ ਕੋਈ ਵੀ ਗੱਲ ਮੇਰਾ ਰੱਬ।

ਈਸ਼ਾ ਲਿਖ਼ਾਰੀ

# "ਬੈਸਟ-ਫ੍ਰੈਂਡ"

ਕਦੇ ਦੇਖਕੇ ਅਣਦੇਖਾ ਕੀਤਾ
ਤੇ ਕੱਦ ਹੈਲੋ ਤੋਂ ਜੱਫ਼ੀ ਤੱਕ ਪੁੱਜ ਗਏ
ਸਾਨੂੰ ਪਤਾ ਹੀ ਨੀ ਲੱਗਾ,
ਕਦੇ ਹੱਸੇ ਵੀ ਫਿਜ਼ੂਲ ਨਹੀਂ ਸੀ ਇੱਕਲਿਆ
ਤੇ ਕੱਦ ਅਥਰੂ ਸਾਫ ਕਰਨ ਲੱਗ ਗਏ
ਸਾਨੂੰ ਪਤਾ ਹੀ ਨੀ ਲੱਗਾ,
ਕਦੇ ਬੋਲਦੇ ਵੀ ਨਹੀਂ ਸੀ ਮਹਲਬ ਲਈ ਵੀ
ਤੇ ਕੱਦ ਰੂਹਾਂ ਤੱਕ ਪੁੱਜ ਗਏ
ਸਾਨੂੰ ਪਤਾ ਹੀ ਨਈ ਲੱਗਾ,
ਤੂੰ ਕਲਾਸ-ਮੇਟ ਹੁੰਦੀ ਸੀ ਮੇਰੀ
ਤੇ ਕੱਦ ਬੈਸਟ-ਫ੍ਰੈਂਡ ਤੱਕ ਪੁੱਜ ਗਏ
ਸਾਨੂੰ ਪਤਾ ਹੀ ਨੀ ਲੱਗਾ।

ਈਸ਼ਾ ਲਿਖ਼ਾਰੀ

# "ਤੇਰੇ ਜਾਣ ਪਿਛੋਂ"

ਕੋਈ ਤਰਸਿਆ ਪਲ-ਪਲ ਮਿਲਣ ਨੂੰ
ਕੋਈ ਸਾਲ ਹਜ਼ਾਰਾਂ ਲੰਗਾਂ ਗਿਆ
ਉਹਦੀ ਮੌਤ ਨਾ ਆਈ
ਜਿਹੜਾ ਲਾਸ਼ ਬਣਕੇ ਰਹਿ ਗਿਆ

ਕੋਈ ਜੂਝਦਾ ਰਿਹਾ ਖ਼ੰਜ਼ਰਾਂ ਨਾਲ
ਕੋਈ ਚੀਕਾਂ ਦਿਲ 'ਚ ਦਬਾ ਗਿਆ
ਉਹ ਹਸਿਆਂ ਨਈ ਫਿਰ
ਜਿਹੜਾ ਤੇਰੇ ਲਈ ਤਮਾਮ ਹੋਕੇ ਰਹਿ ਗਿਆ

ਕੋਈ ਰੋਲ ਗਿਆ ਭੇਤ ਜ਼ਿੰਦਗੀ ਦੇ
ਕੋਈ ਗੁਲਾਬ ਫਰੋਲਦਾ ਰਹਿ ਗਿਆ
ਉਹਨੇ ਚਕਿਆ ਨਈ ਈਮਾਨ
ਜਿਹੜਾ ਪੈਰਾਂ 'ਚ ਪਿਆ ਰਹਿ ਗਿਆ।

ਈਸ਼ਾ ਲਿਖ਼ਾਰੀ

# "ਸਿਰਫ਼ ਸ਼ਾਇਰੀ ਤੱਕ"

ਮੇਰੇ ਅਲਫਾਜ਼ਾ ਨੂੰ ਤੇਰੇ ਤੱਕ ਭੇਜਾ
ਜਾਂ ਦਸ ਡਾਇਰੀ ਤੱਕ ਰਹਿਣ ਦਿਆਂ,
ਤੇਰੇ ਗਮ ਨੇ ਬਖ਼ਸ਼ੀ ਮੈਨੂੰ ਜੋ ਕਲਮ
ਦਸ ਸਿਆਹੀ ਤੱਕ ਰਹਿਣ ਦਿਆਂ,
ਬਾਕਮਾਲ ਹੋਈ ਜੋ ਮੁਹੱਬਤ ਤੇਰੇ ਨਾਲ
ਦਸ ਇੱਕਲੀ ਮੇਰੇ ਤੱਕ ਰਹਿਣ ਦਿਆਂ,
ਤੇਰੇ ਮੁਕੱਦਮੇ ਨੇ ਦਿੱਤਾ ਜੋ ਵਿਛੋੜਾ
ਦਸ ਖ਼ੁੱਦ ਨੂੰ ਉਡੀਕਾਂ ਤੱਕ ਰਹਿਣ ਦਿਆਂ,
ਮਾੜੇ ਕਰਮਾਂ ਕਾਰਨ ਤੇਰੇ ਹਿੱਸੇ ਨਾ ਆਉਣਾ
ਦਸ ਤੈਨੂੰ ਦੁਆਵਾਂ ਤੱਕ ਰਹਿਣ ਦਿਆਂ,
ਲੱਖ ਬਿਆਨ ਕਰਨ ਤੇ ਵੀ ਨਈ ਸਮਝਿਆਂ ਤੂੰ
ਦਸ ਆਪਣਾ ਇਸ਼ਕ ਆਰਜ਼ੂ-ਏ-ਨਾ ਸਬਰ ਤੱਕ ਰਹਿਣ ਦੀਆਂ,
ਸਮਝ ਕੇ ਵੀ ਤੂੰ ਮੈਨੂੰ ਨਾ ਸਮਝਿਆ
ਦਸ ਆਪਣੀ ਕਹਾਣੀ ਫਿਰ
"ਸਿਰਫ ਸ਼ਾਇਰੀ ਤੱਕ ਰਹਿਣ ਦਿਆਂ।"

ਈਸ਼ਾ ਲਿਖ਼ਾਰੀ